

SKY TRANSPORT SOLUTIONS

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 8 ISSUE - 23

September 18, 2019

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਵਿਲੱਖਣ ਇਤਿਹਾਸ ਸਿਰਜ ਗਿਆ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਯੂਨੀਅਨ ਸਿਟੀ ਦਾ 15ਵਾਂ ਵਿਸ਼ਵ ਕਬੱਡੀ ਕੱਪ





**ਯੂਨੀਅਨ ਸਿਟੀ (ਐੱਸ.ਅਸ਼ੋਕ.ਭੌਰਾ)**– ਕਹਿੰਦੇ ਨੇ ਕਿ ਜੇ ਲਗਨ ਸ਼ਰਧਾ ਨਾਲ ਜੁੜੀ ਹੋਵੇ ਤਾਂ ਪੈੜਾਂ ਹੀ ਇਤਿਹਾਸਕ ਨਹੀਂ ਹੁੰਦੀਆਂ ਸਗੋਂ ਮੰਜ਼ਿਲ ਵੀ ਇਤਿਹਾਸ ਹੋ ਨਿੱਬੜਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆਂ ਦਾ 15ਵਾਂ ਵਿਸ਼ਵ ਕਬੱਡੀ ਕੱਪ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਦੇ ਇਤਿਹਾਸ ਵਿਚ ਇਕ ਨਵੀਂ ਤੇ ਵਿਲੱਖਣ ਪੈੜ ਸਿੱਧ ਹੋਇਆ। ਸ਼ਾਇਦ ਇਹ ਪਹਿਲੀ ਵਾਰ ਸੀ ਕਿ ਸ਼ਰਧਾ ਤੇ ਧਾਰਮਿਕ ਭਾਵਨਾਵਾਂ ਨਾਲ ਜੁੜੇ ਇਸ ਵਿਸ਼ਵ ਕਬੱਡੀ ਕੱਪ ਨੇ ਨਾਨਕ ਨਾਮ ਲੇਵਾ ਸਮੁੱਚੀ ਸੰਗਤ ਨੂੰ ਇਹ ਵਿਸ਼ਵਾਸ ਤੇ ਯਕੀਨ ਦੁਆਇਆ ਕਿ ਸੱਚੀਂ ਮੁੱਚੀਂ ਹੀ ਚੜ੍ਹਦੀ ਕਲਾ ਦੇ ਅਰਥ ਨਾਨਕ ਨਾਮ ਨਾਲ ਹੀ ਹੁੰਦੇ ਨੇ। ਲੰਘੇ ਐਤਵਾਰ ਨੂੰ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ ’ਚ 15000 ਤੋਂ ਵੱਧ ਮਾਂ ਖੇਡ ਕਬੱਡੀ ਨੂੰ ਪਿਆਰ ਕਰਨ ਵਾਲੀ ਸੰਗਤ ਦਾ ਪੁੱਜਣਾ, ਸਾਰਾ ਦਿਨ ਗੁਰੂ ਕਾ ਅਤੁੱਟ ਲੰਗਰ ਵਰਤਣਾ, 9 ਘੰਟੇ ਲਗਾਤਾਰ ਪੰਜਾਬੀ ਪੁੱਤਰਾਂ ਦਾ 'ਕਬੱਡੀ ਕਬੱਡੀ’ ਨਾਲ ਜ਼ੋਰ ਵਿਖਾਉਣਾ ਅਤੇ ਅਮਰੀਕਾ ਦੀ ਧਰਤੀ ’ਤੇ ਅਜਿਹਾ ਇਤਿਹਾਸ ਬਣਾਉਣਾ ਬਾਬੇ ਨਾਨਕ ਦੀ ਮਿਹਰ ਨਾਲ ਹੀ ਸੰਭਵ ਹੋ ਸਕਿਆ। ਇਹ ਵਿਚਾਰ ਹਨ ਯੁਨਾਈਟਡ ਸਪੋਰਟਸ ਕਲੱਬ ਦੇ ਮੁੱਖ ਸਰਪ੍ਰਸਤ, ਵਿਸ਼ਵ ਕਬੱਡੀ ਕੱਪ ਦੇ ਮੁੱਖ ਪ੍ਰਬੰਧਕ ਅਤੇ ਰੂਹੇ ਰਵਾਂ ਸ. ਅਮੋਲਕ ਸਿੰਘ ਗਾਖਲ ਦੇ। ਉਨ੍ਹਾਂ ਕਿਹਾ ਕਿ 'ਮੇਰਾ ਮੁਝ ਮਹਿ ਕਿਛੁ ਨਹੀ’ ਦੀ ਧਾਰਨਾ ਨਾਲ ਇਸ ਕਬੱਡੀ ਕੱਪ ਨੂੰ ਪੰਜਾਬੀਆਂ, ਸਿੱਖ ਕੌਮ ਅਤੇ ਕਬੱਡੀ ਪ੍ਰੇਮੀਆਂ ਦੇ ਨਾਮ ਕੀਤਾ। ਕਲੱਬ ਦੇ ਚੇਅਰਮੈਨ ਸ. ਮੱਖਣ ਸਿੰਘ ਬੈਂਸ ਨੇ ਕਬੱਡੀ ਕੱਪ ਨੂੰ ਕਾਮਯਾਬੀ ਨਾਲ ਕਰਵਾਉਣ ਲਈ ਦਿਨ ਰਾਤ ਇਕ ਹੀ ਨਹੀਂ ਕੀਤਾ ਸਗੋਂ ਆਪਣੇ ਕਾਰੋਬਾਰੀ ਅਦਾਰੇ ਰਾਜਾ ਸਵੀਟਸ ਵਲੋਂ ਅੰਮ੍ਰਿਤਸਰੀ ਛੋਲੇ ਭਟੂਰੇ ਅਤੇ ਦੇਸੀ ਘਿਓ ਦੀਆਂ ਜਲੇਬੀਆਂ ਦਾ ਲੰਗਰ, ਗੁਰੂਘਰ ਫਰੀਮਾਂਟ ਤੇ ਗੁਰੂਘਰ ਸੈਨਹੋਜ਼ੇ ਵਲੋਂ ਵੀ ਸਾਰਾ ਦਿਨ ਸੰਗਤ ਦੀ ਸੇਵਾ ਵਿਚ ਲੰਗਰ ਵਰਤਾਇਆ। ਤਕਨੀਕੀ ਪ੍ਰਬੰਧਾਂ ਦੀ ਦੇਖ ਰੇਖ ਕਰਨ ਵਾਲੀ ਜੋੜੀ ਇਕਬਾਲ ਸਿੰਘ ਗਾਖਲ ਉੱਪ ਚੇਅਰਮੈਨ, ਕਬੱਡੀ ਦੇ ਸਾਬਕ ਧੁਨੰਤਰ ਤੀਰਥ ਸਿੰਘ ਗਾਖਲ ਅਤੇ ਮੱਖਣ ਸਿੰਘ ਧਾਲੀਵਾਲ ਨੇ ਬਾਖ਼ੂਬੀ ਜ਼ਿੰਮੇਵਾਰੀਆਂ ਨਿਭਾਈਆਂ। ਇਸ ਕਬੱਡੀ ਕੱਪ ਵਿਚ ਸਾਰਾ ਦਿਨ ਫਸਵੇਂ ਮੁਕਾਬਲੇ, ਚੋਟੀ ਦੇ ਖਿਡਾਰੀਆਂ ਦੇ ਜੋਸ਼ ਭਰੇ ਜਲਵੇ ਤੇ


**(ਰਿਪੋਰਟ ਦੇਖੋ ਸਫਾ 9 ‘ਤੇ)**

**ਤਸਵੀਰਾਂ ਦੇਖੋ ਸਫਾ 11,12,13,14, 24 ‘ਤੇ)**




ਪੰਜਾਬੀ ਕਲਚਰਲ ਸੁਸਾਇਟੀ, ਸੈਕਰਾਮੈਂਟੋ (ਕੈਲੇਫੋਰਨੀਆ) ਵੱਲੋਂ ਪ੍ਰੋਫੈਸਰ ਸੰਤੋਖ ਸਿੰਘ ਔਜਲਾ ਦਾ ਸਨਮਾਨ ਕਰਦੇ ਹੋਏ ਰਸ਼ਪਾਲ ਸਿੰਘ ਫਰਵਾਲਾ, ਪ੍ਰੇਮ ਕੁਮਾਰ ਚੁੰਬਰ ਅਤੇ ਸਰੀ (ਕੈਨੇਡਾ) ਤੋਂ ਕੁਲਦੀਪ ਸਿੰਘ। (ਰਿਪੋਰਟ ਅਤੇ ਤਸਵੀਰਾਂ ਅੰਦਰ ਦੇਖੋ)

## ਇੰਡੋ-ਅਮੈਰਿਕਨ ਹੈਰੀਟੇਜ ਫਾਊਂਡੇਸ਼ਨ ਵਲੋਂ ਜਲ੍ਹਿਆਂ ਵਾਲਾ ਬਾਗ਼ ਦੀ ਸੌਵੀਂ ਵਰ੍ਹੇ-ਗੰਢ ਮਨਾਈ ਗਈ




ਇੰਡੋ-ਅਮੈਰਿਕਨ ਹੈਰੀਟੇਜ਼ ਫਾਊਂਡੇਸ਼ਨ ਦੇ ਮੈਂਬਰ ਅਤੇ ਪ੍ਰਬੰਧਕ ’ਦੇਸ਼ ਦੁਆਬਾ’ ਦਾ ਅੰਕ ਰਿਲੀਜ਼ ਕਰਦੇ ਹੋਏ। (ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 4 ‘ਤੇ)




MANDEEP SANDHU

SANDHU IMMIGRATION CONSULTANT

ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ

Passports, Visas, Green Cards, Sponsorship, Immigration Forms , Citizenship, Spouse/Family Petitions, Study Visas

All Kinds of Immigration Forms/Petitions/Visa

ਵੀਜ਼ਾ

WE OPEN 7-DAYS A WEEK

Note: I am not an Immigration Attorney.

msandhu2014@gmail.com

(209-373-3562)

3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS

SINCE 1996

916-912-8842, 916-329-8772

jewelers.Bagga@gmail.com

ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ ’ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



6930 65TH STREET # 115 SACRAMENTO CA 95823

Sandeep Jony Bagga



RAMESH SUMAN
Broker Realtor
RCS-D ™

MAJESTIC HOMES

Office (925) 779-1234
Direct (925) 366-3618
Fax (905) 219-3918
DRE Licence- 00871752

www.majestichomes.us ramesh@rameshsuman.com

P.O. Box 3434, Antioch, CA 94531-3434

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)

Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.



* Please call us for Professional & reliable services at reasonable rates.

959 Corporate Way, Fremont, CA. 94539

# Raja SWEETS & CATERING

AUTHORIZED CATERER FOR MAJOR 5-STAR HOTELS



ITEMS SERVING

All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE

Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE

Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook. rajasweetsandcatering
Follow us on Twitter rajasweets



# INDIA MARKET

INDIA MARKET
SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤੁਹਾਡਾ ਆਪਣਾ ਮਨਭਾਉਂਦਾ ਸਟੋਰ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੰਗੜ

Super Eyebrow Threading Now Open

Eyebrow Threading & Henna Tattoo

7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD. # 100 ROSEVILLE, CA 95747
916- 786-7666

Cell : 916-798-8142

Email: IndiaMarketRoseville@gmail.com



# Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

ਸਾਡੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਬ ਵੀਬ ਡੀਬ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਬ ਪੀਬ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS

ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138





# INDIA BAZAAR




INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# SHRI GURU RAVIDASS SABHA (CA)

## 2150 Crestview Drive, Pittsburg CA 94565 Tel: (925) 439-2355



**On September 15, 2019, S. Yashwant Singh and Bibi Charanjit Kaur** celebrated first birthday of their grandson, Jazveer Singh (son of Jatinder Singh and Harpreet Kaur). Their daughters Satinder Kaur and her husband Amritpal Singh, Avleen Kaur and Avnoor Kaur joined the festivities andhelped in the langar Sewa. Sardar Purnpal Singh Ji Takhar blessed Jazveer Singh and shared valuable message from Gurbani with Sangat.

Sri Sukhmani Sahib Path and Langar Sewa were hosted by the family for Jazveer's happy, healthy and long life. May Waheguru keep family in ChardiKala.

**September22, 2019 Sukhmani Sahib Path and Langar Sewa**
**will be hosted by the newly elected Gurughar Committee. Entire Sangat is invited to come to Gurughar and join us in the Ardass for the peace and harmony of Guru Ji's Sangat.**

**September 29, 2019:**
**Sukhmani Sahib Path**
**and Langar Sewa**

**October 11-12-13, 2019 79th Barsi of Hazoor Shri Nabh Kanwal Raja Sahib**

The blessed and dedicated families will host Akhand Path Sahib and Langar Sewa in the loving memories of Braham Giani Bhagwan Dass "Raja Sahib" on theoccasion of his 79th Barsi. The Akhand Path will start at 10:00 AM on Friday, October 11 and conclude on Sunday, October 13, 2019. Prominent Kirtani Jathas are also coming to delight SANGAT with their melodious KIRTAN. May Akal Purakh bless His devotees


## ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ.(ਯੂਬਾ ਸਿਟੀ) ਕੈਲੇਫੋਰਨੀਆ ਵੱਲੋਂ
## ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ (ਭਾਈ ਜੈਤਾ ਜੀ) ਦੇ ਜਨਮ ਦਿਹਾੜੇ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ



### ਸੰਗਤ ਦੇ ਦਾਸ

ਪ੍ਰੇਮ ਸੌਂਧੀ (ਪ੍ਰਧਾਨ), ਸੰਤੋਖ ਸਿੰਘ ਗਿੱਲ (ਸੀਨੀਅਰ ਵਾਈਸ ਪ੍ਰਧਾਨ), ਕੁਲਦੀਪ ਥਾਪਰ (ਮੀਤ ਪ੍ਰਧਾਨ), ਪਲਵਿੰਦਰ ਸਿੰਘ ਸਹੋਤਾ (ਸੀਨੀਅਰ ਵਾਈਸ ਚੇਅਰਮੈਨ), ਅਵਿਨਾਸ਼ ਸੌਂਦੀ (ਵਾਈਸ ਚੇਅਰਮੈਨ), ਬਲਵੀਰ ਧਾਰੀਵਾਲ (ਜਨਰਲ ਸਕੱਤਰ), ਵਿਸ਼ਾਲ ਸ਼ਰਬਤੀ (ਸਕੱਤਰ), ਗੁਰਪਾਲ ਸਿੰਘ (ਚੇਅਰਮੈਨ), ਵਿਨੋਦ ਗਿੱਲ, ਬਲਵੀਰ ਥਾਪਰ, ਵਰੁਣ ਗਿੱਲ (ਖਜਾਨਚੀ), ਨਰਿੰਦਰ ਕੁਮਾਰ ਗਿੱਲ (ਚੀਫ ਆਰਗੇਨਾਈਜਰ), ਜਗਜੀਤ ਗਿੱਲ, ਪ੍ਰਕਾਸ਼ ਸਿੰਘ ਗਿੱਲ (ਮੇਨਟੀਨੈਂਸ ਆਰਗੇਨਾਈਜਰ)

ਆਰਗੇਨਾਈਜ਼ਰਜ਼- ਸੁਰਜੀਤ ਗਿੱਲ, ਕੁੰਦਨ ਲਾਲ ਸੌਂਧੀ, ਦਵਿੰਦਰ ਸ਼ੁੱਭ, ਅੰਮ੍ਰਿਤਪਾਲ, ਰਵੀਪਾਲ, ਰਾਮਪਾਲ ਮੱਟੂ, ਸਾਧੂ ਰਾਮ ਭੱਟੀ, ਦੀਪਕ ਸਹੋਤਾ, ਤਰਸੇਮ ਲਾਲ ਥਾਪਰ, ਰਾਜ ਕੁਮਾਰ ਪੰਡੋਰੀ, ਪ੍ਰਸ਼ੋਤਮ ਲਾਲ ਸੌਂਧੀ, ਰੋਹਤਾਸ਼ ਸਿੰਘ ਭਗਾਣੀਆਂ, ਅਮਰਜੀਤ ਸਿੰਘ ਲਾਲੀ, ਜਸਪਾਲ ਮਾਲੜੀ, ਰਕੇਸ਼ ਕੁਮਾਰ ਸਲਹੋਤਰਾ, ਸ਼ਾਮ ਲਾਲ ਸੌਂਧੀ।



ਸੰਪਰਕ ਕਰੋ- ਪ੍ਰੇਮ ਸੌਂਧੀ (530-813-3877), ਸੰਤੋਖ ਸਿੰਘ ਗਿੱਲ (530-740-3056), ਵਿਸ਼ਾਲ ਸ਼ਰਬਤੀ (530-933-5915), ਬਲਵੀਰ ਥਾਪਰ (916-607-4650), ਬਲਵੀਰ ਧਾਰੀਵਾਲ (916-243-9017), ਵਿਨੋਦ ਗਿੱਲ 530-218-3969

**ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ.(ਯੂਬਾ ਸਿਟੀ) ਕੈਲੇਫੋਰਨੀਆ**
**ਮਹਾਂਰਿਸ਼ੀ ਵਾਲਮੀਕ ਟੈਂਪਲ, 84/86 ਪਰਸੀ ਐਵਨਿਊ, ਯੂਬਾ ਸਿਟੀ, ਕੈਲੇਫੋਰਨੀਆ 95991**

# ਇੰਡੋ-ਅਮੈਰਿਕਨ ਹੈਰੀਟੇਜ ਫਾਊਂਡੇਸ਼ਨ ਵਲੋਂ ਜਲ੍ਹਿਆਂ ਵਾਲਾ ਬਾਗ਼ ਦੀ ਸੌਵੀਂ ਵਰ੍ਹੇ-ਗੰਢ ਮਨਾਈ ਗਈ





**ਨਿਊਯਾਰਕ (ਬਿਊਰੋ)–** ਗਦਰੀ ਬਾਬਿਆਂ ਅਤੇ ਜੰਗੇ-ਆਜ਼ਾਦੀ ਦੇ ਸ਼ਹੀਦਾਂ ਨੂੰ ਯਾਦ ਕਰਨ ਲਈ ਪਿਛਲੇ ਲੰਮ ਅਰਸੇ ਤੋਂ ਕੰਮ ਕਰ ਰਹੀ ਸੰਸਥਾ 'ਇੰਡੋ-ਅਮੈਰਿਕਨ ਹੈਰੀਟੇਜ ਫਾਊਂਡੇਸ਼ਨ' ਵਲੋਂ ਜਲ੍ਹਿਆਂ ਵਾਲੇ ਬਾਗ ਦੀ ਸੌਵੀਂ ਵਰ੍ਹੇ ਗੰਢ ਨਿਊਯਾਰਕ ਵਿਚ ਮਨਾਈ ਗਈ। ਵੱਖ-ਵੱਖ ਬੁਲਾਰਿਆਂ ਵਲੋਂ ਜਲ੍ਹਿਆਂ ਵਾਲੇ ਬਾਗ ਦੀ ਦਰਦਨਾਕ ਘਟਨਾ ਬਾਰੇ ਚਾਨਣਾ ਵੀ ਪਾਇਆ ਗਿਆ ਅਤੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਮੌਕੇ 'ਦਲਜੀਤ ਮੋਖਾ ਦੀਆਂ 25 ਕਵਿਤਾਵਾਂ' ਕਿਤਾਬ ਲੋਕ ਅਰਪਣ ਕੀਤੀ ਗਈ ਅਤੇ 'ਪੰਜਾਬ ਟਾਈਮਜ਼', 'ਦੇਸ ਦੁਆਬਾ', 'ਪ੍ਰੀਤਨਾਮਾ' ਅਤੇ 'ਮਹਾ ਪੰਜਾਬ' ਅਖ਼ਬਾਰਾਂ ਦੇ ਤਾਜ਼ਾ ਅੰਕ ਵੀ ਰਿਲੀਜ਼ ਕੀਤੇ ਗਏ। ਹਰ ਸਾਲ ਦੀ ਤਰ੍ਹਾਂ ਸਕੂਲਾਂ ਵਿਚ ਚੰਗੇ ਨੰਬਰ ਲੈ ਕੇ ਪਾਸ ਹੋਏ ਵਿਦਿਆਰਥੀ ਸਨਮਾਨਿਤ ਵੀ ਕੀਤੇ ਗਏ।

ਸਭ ਤੋਂ ਪਹਿਲਾਂ 'ਇੰਡੋ-ਅਮੈਕਿਨ ਹੈਰੀਟੇਜ ਫਾਊਂਡੇਸ਼ਨ ਦੇ ਅਹਿਮ ਰੁਕਨ ਮਨਮੋਹਨ ਪੂਨੀ ਹੋਰਾਂ ਹਾਜ਼ਰ ਸਰੋਤਿਆਂ ਨੂੰ 'ਜੀ ਆਇਆਂ' ਕਿਹਾ। ਉਪਰੰਤ ਇਕ ਮਿੰਟ ਦਾ ਮੌਨ ਰੱਖ ਕੇ ਜਲ੍ਹਿਆਂ ਵਾਲੇ ਬਾਗ ਦੇ ਸ਼ਹੀਦਾਂ ਨੂੰ ਅਕੀਦਤ ਪੇਸ਼ ਕੀਤੀ ਗਈ। ਅਗਲੀ ਕਾਰਵਾਈ ਵਾਸਤੇ ਮਨਮੋਹਨ ਪੂਨੀ ਹੋਰਾਂ ਮੰਚ ਦੀ ਜ਼ਿੰਮੇਵਾਰੀ ਸੁਰਿੰਦਰ ਸੋਹਲ ਹੋਰਾਂ ਨੂੰ ਸੌਂਪ ਦਿੱਤੀ।

ਚੰਗੇ ਕੰਮ ਕਰਨ ਦੀ ਪ੍ਰੇਰਣਾ ਦੇਣ ਵਾਲੇ ਸ਼ਬਦ 'ਦੇਹ ਸ਼ਿਵਾ ਵਰ ਮੋਹਿ ਇਹੈ' ਨਾਲ ਪ੍ਰੋਗਰਾਮ ਦੀ ਸ਼ੁਰੂਆਤ ਹੋਈ। ਇਹ ਸ਼ਬਦ ਬੱਚੀ ਬਲਵੰਤ ਕੌਰ, ਬੱਚੀ ਸਤਵਿੰਦਰ ਕੌਰ ਨੇ ਪੇਸ਼ ਕੀਤਾ। ਉਹਨਾਂ ਨਾਲ ਤਬਲੇ ਦੇ ਸੰਗਤ ਬਲਬੀਰ ਸਿੰਘ ਕਰ ਰਹੇ ਸਨ। ਇਸ ਮਗਰੋਂ ਸਟੇਜ 'ਤੇ ਪ੍ਰਸਿੱਧ ਲੇਖਕ ਤੇ ਵਿਦਵਾਨ ਡਾ. ਗੁਰੂਮੇਲ ਸਿੱਧੂ, ਜਸਬੀਰ ਸਿੰਘ ਦਿਉਲ (ਐਡਮਿੰਟਨ (ਕੈਨੇਡਾ) ਦੇ ਵਿਧਾਇਕ) ਨੂੰ ਬੁਲਾਇਆ ਗਿਆ। ਉਹਨਾਂ ਦੇ ਨਾਲ ਹੀ ਸਟੇਜ 'ਤੇ ਜਸਵਿੰਦਰ ਪਾਲ ਸਿੰਘ, ਧਰਮ ਸਿੰਘ ਗੋਰਾਇਆ, ਸਵਰਨ ਸਿੰਘ ਸਲੈਚ (ਨਾਮਧਾਰੀ ਸਿੱਖ ਸੰਗਤ), ਬਲਦੇਵ ਸਿੰਘ ਗਰੇਵਾਲ, ਪ੍ਰੇਮ ਮਾਨ, ਰਵਿੰਦਰ ਸਹਿਰਾਅ, ਸੁਰਿੰਦਰ ਕੌਰ ਪੱਖੋਕੇ, ਰਾਣੀ ਨਗਿੰਦਰ, ਸੁਖਦੇਵ ਸਿੰਘ ਸੇਵਕ (ਨਾਮਧਾਰੀ ਸਿੱਖ ਸੰਗਤ), ਡਾ. ਰਾਮਜੀ ਦਾਸ ਸੇਠੀ ਅਤੇ ਗੁਰਮੀਤ ਸਿੰਘ ਸ਼ੁਗਲੀ ਸੁਸ਼ੋਭਤ ਹੋਏ।

ਵਿਸ਼ੇਸ਼ ਸੱਦੇ 'ਤੇ ਕੈਨੇਡਾ ਤੋਂ ਪਹੁੰਚੇ ਪੰਜਾਬੀ ਵਿਧਾਇਕ ਜਸਬੀਰ ਸਿੰਘ ਦਿਉਲ ਨੇ ਜਲ੍ਹਿਆਂ ਵਾਲੇ ਬਾਗ ਦੇ ਸਾਕੇ ਤੋਂ ਬਾਦ ਵਾਪਰੀਆਂ ਘਟਨਾਵਾਂ ਦੇ ਨਾਲ-ਨਾਲ ਅਜੋਕੇ ਸੰਸਾਰ ਵਿਚ ਚਲ ਰਹੇ ਦਮਨ ਦੇ ਵਰਤਾਰੇ ਬਾਰੇ ਚਿੰਤਾ ਪ੍ਰਗਟ ਕੀਤੀ। ਉਹਨਾਂ ਇਸ ਗੱਲ 'ਤੇ ਤਸੱਲੀ ਵੀ ਪ੍ਰਗਟ ਕੀਤੀ ਕਿ 'ਇੰਡੋ-ਅਮੈਰਿਕਨ ਹੈਰੀਟਜ ਫਾਊਂਡੇਸ਼ਨ' ਵਰਗੀਆਂ ਸੰਸਥਾਵਾਂ ਸੰਵਾਦ ਰਚਾਉਣ ਦਾ ਮੌਕਾ ਪ੍ਰਦਾਨ ਕਰ ਰਹੀਆਂ ਹਨ।

ਪ੍ਰੋਗਰਾਮ ਦੇ ਮੁੱਖ ਬੁਲਾਰੇ ਡਾ. ਗੁਰੂਮੇਲ ਸਿੱਧੂ ਨੇ ਬਹੁਤ ਹੀ ਖੋਜ ਭਰਪੂਰ ਵਿਚਾਰ ਸਾਂਝੇ ਕੀਤੇ। ਉਹਨਾਂ ਨੇ ਗਦਰ ਦੀ ਸ਼ੁਰੂਆਤ, ਊਧਮ ਸਿੰਘ ਦੇ ਬਦਲਾ ਲੈਣ ਨਾਲ ਜੁੜੀਆਂ ਕਈ ਪ੍ਰਚਲਤ ਗਲਤ ਧਾਰਣਾਵਾਂ ਨੂੰ ਤੋੜਿਆ ਹੀ ਨਹੀਂ ਸਗੋਂ ਉਹਨਾਂ ਬਾਰੇ ਸਟੀਕ ਜਾਣਕਾਰੀ ਵੀ ਪ੍ਰਦਾਨ ਕੀਤੀ।



ਧਰਮ ਸਿੰਘ ਗੋਰਾਇਆ ਆਪਣੇ ਪਰਚੇ ਵਿਚ ਅੰਗਰੇਜ਼ਾਂ ਦੀਆਂ ਨੀਤਾਂ ਅਤੇ ਨੀਤੀਆਂ ਦੀ ਰੌਸ਼ਨੀ ਵਿਚ ਜਲ੍ਹਿਆਂ ਵਾਲੇ ਬਾਗ਼ ਦੇ ਸਾਕੇ ਦਾ ਮੁਲਾਂਕਣ ਕੀਤਾ।

ਹੋਰ ਬੁਲਾਰਿਆਂ ਤੋਂ ਇਲਾਵਾ ਕਿਰਪਾਲ ਸਿੰਘ ਬਿਲਿੰਗ, ਕੁਲਵੰਤ ਸਿੰਘ ਸਰਪੰਚ, ਗੁਰਵਿੰਦਰ ਸਿੰਘ ਜੋਸਨ, ਸੁਖੈਨ ਮਲਿਕ, ਰਵਿੰਦਰ ਸਹਿਰਾਅ, ਰਾਣੀ ਨਗਿੰਦਰ, ਬਲਵਿੰਦਰ ਸਿੰਘ ਬਾਜਵਾ, ਹਰਜਿੰਦਰ ਕੁਮਾਰ, ਗੁਰਮੀਤ ਸਿੰਘ ਸ਼ੁਗਲੀ, ਜਸਵਿੰਦਰ ਪਾਲ ਸਿੰਘ, ਸਵਰਨ ਸਿੰਘ ਸਲੈਚ, ਸਰਮੁਖ ਸਿੰਘ ਆਦਿ ਨੇ ਆਪਣੇ ਵਿਚਾਰ ਪੇਸ਼ ਕੀਤੇ।

ਨਿਊਯਾਰਕ ਦੀ ਰੂਹੋ-ਰਵਾਂ ਰਹੀ ਸ਼ਖ਼ਸੀਅਤ ਦਲਜੀਤ ਮੋਖਾ ਦੀ ਯਾਦ ਨੂੰ ਸਮਰਪਿਤ ਰਵਿੰਦਰ ਸਹਿਰਾਅ ਅਤੇ ਸਰਿੰਦਰ ਸੋਹਲ ਵਲੋਂ ਮੋਖਾ ਦੀਆਂ ਚੋਣਵੀਆਂ ਕਵਿਤਾਵਾਂ ਦੀ ਕਿਤਾਬ 'ਦਲਜੀਤ ਮੋਖਾ ਦੀਆਂ 25 ਕਵਿਤਾਵਾਂ' ਡਾ. ਗੁਰੂਮੇਲ ਸਿੱਧੂ ਨੇ ਰਿਲੀਜ਼ ਕੀਤੀ। ਇਸ ਮੌਕੇ ਮੋਖਾ ਜੀ ਦੀ ਧਰਮ-ਪਤਨੀ ਰਾਜ ਮੋਖਾ ਨੂੰ ਵਿਸ਼ੇਸ਼ ਤੌਰ 'ਤੇ ਬੁਲਾਇਆ ਗਿਆ ਸੀ। ਜਲ੍ਹਿਆਂ ਵਾਲੇ ਬਾਗ ਦੀ ਸੌਵੀਂ ਵਰ੍ਹੇ ਗੰਢ ਨੂੰ ਸਮਰਪਿਤ ਕਵਿਤਾਵਾਂ ਦਾ ਦੌਰ ਵੀ ਚੱਲਿਆ। ਸਭ ਤੋਂ ਪਹਿਲਾਂ ਕੁਲਬੀਰ ਸਿੰਘ ਗੁਰਦਾਸਪੁਰੀ ਨੇ ਗੀਤ ਪੇਸ਼ ਕੀਤਾ। ਨਿਊਜਰਸੀ ਦੇ ਪ੍ਰਸਿੱਧ ਗਾਇਕ ਰੇਸ਼ਮ ਸਿੰਘ ਰੇਸ਼ਮ ਨੇ ਗੀਤ ਅਤੇ ਕੁਝ ਕਾਵਿਕ ਸਤਰਾਂ ਨਾਲ ਮਾਹੌਲ ਬੰਨ੍ਹਿਆ। ਸੁਰਜੀਤ ਸਿੰਘ ਘੋਲੀਆ, ਰਾਜਬੀਰ ਕੌਰ, ਹਰਜੀਤ ਸਿੰਘ ਹੁੰਦਲ, ਹਰਜੀਤ ਕੌਰ, ਗੁਰਭੇਜ ਕੌਰ ਸੰਧੂ, ਪ੍ਰਿਤਪਾਲ ਕੌਰ ਪ੍ਰੀਤ, ਡਾ. ਸੰਦੀਪ ਸਿੰਘ, ਸੁਰਿੰਦਰ ਸੋਹਲ, ਜੱਸੀ ਢਿਲੋਂ, ਰਾਜਬੀਰ ਕੌਰ, ਦਵਿੰਦਰ ਕੌਰ ਗੋਰਾਇਆ, ਪ੍ਰੋ. ਪਰਮਜੀਤ ਕੌਰ, ਮੋਹਣ ਸਿੰਘ ਭੰਵਰਾ ਆਦਿ ਨੇ ਕਵਿਤਾਵਾਂ ਪੜ੍ਹੀਆਂ।

ਇਸ ਮੌਕੇ ਚੰਗੇ ਗਰੇਡ ਲੈਣ ਵਾਲ਼ੇ ਬੱਚਿਆਂ ਨੂੰ ਹੌਸਲਾ-ਅਫਜ਼ਾਈ ਸਰਟੀਫਿਕੇਟ ਵੀ ਦਿੱਤੇ ਗਏ। ਇਹਨਾਂ ਬੱਚਿਆਂ ਵਿਚ ਆਰਤੀ ਨਈਅਰ, ਚੇਤਕ ਨਈਅਰ, ਅਰਸ਼ਮਾਨ ਸਿੰਘ ਸੈਣੀ, ਸਿਮਰ ਕੌਰ ਸੈਣੀ, ਆਰੀਅਨ ਵਰਮਾ, ਸੰਤਾ ਸਿੰਘ, ਸਰਵਨ ਸਿੰਘ, ਸਤਨਾਮ ਸਿੰਘ, ਜੈ ਸਿੰਘ, ਜੈ ਕੌਰ, ਸਹਿਜ ਪ੍ਰੀਤ ਸਿੰਘ, ਮਨਵੀਰ ਸਿੰਘ, ਗੁਨਵੀਰ ਸਿੰਘ, ਚਾਹਤ ਔਜਲਾ, ਹਰਮਨ ਔਜਲਾ, ਸਾਹਿਬ ਦੀਪ ਸਿੰਘ, ਪਲਵਿੰਦਰਜੀਤ ਸੰਧੂ, ਜਸਪਿੰਦਰ ਸੰਧੂ, ਸੁਖਵਿੰਦਰ ਸੰਧੂ, ਗੁਰਜੰਟ ਸਿੰਘ ਕੰਗ, ਕਰਮ ਕੌਰ ਕੰਗ, ਅੰਮ੍ਰਿਤ ਕੌਰ ਚੋਪੜਾ, ਨਵਰੀਤ ਕੌਰ, ਹਰਸ਼ਰੀਤ ਕੌਰ ਆਦਿ ਸ਼ਾਮਿਲ ਸਨ।

ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਵਿਚ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ, ਗੁਰਦੁਆਰਾ ਰਿਚਮੰਡ ਹਿਲ ਸੁਸਾਇਟੀ, ਸ਼ਹੀਦ ਭਾਈ ਮਨੀ ਸਿੰਘ ਕਲਚਰਲ ਸੁਸਾਇਟੀ, ਸ੍ਰੀ ਗੁਰੂ ਰਵਿਦਾਸ ਵੈਲਫ਼ੇਅਰ ਸੁਸਾਇਟੀ, ਨਾਮਧਾਰੀ ਸੰਗਤ ਤੋਂ ਇਲਾਵਾ ਸਵਰਨ ਸਿੰਘ ਸਲੈਚ, ਸੁਖਦੇਵ ਸਿੰਘ ਸੇਵਕ (ਨਾਮਧਾਰੀ ਸੰਗਤ ਨਿਊਯਾਰਕ), ਬਲਜੀਤ ਸਿੰਘ ਸੋਹਲ, ਚਰਨਜੀਤ ਸਿੰਘ ਸਮਰਾ, ਪਰਮਜੀਤ ਸਿੰਘ ਜੌਹਲ, ਸੁੱਖਾ ਕੰਦੋਲਾ, ਜਗਦੇਵ ਸਿੰਘ ਢਿੱਲੋਂ, ਹਰਮੇਸ਼ ਕੁਮਾਰ, ਦਰਸ਼ਨ ਸਿੰਘ ਪ੍ਰੀਤ, ਦਲੇਰ ਸਿੰਘ, ਅਜਮੇਰ ਸਿੰਘ, ਦਰਸ਼ਨ ਸਿੰਘ, ਬਲਜੀਤ ਸਿੰਘ, ਤਰਲੋਕ ਸਿੰਘ, ਜਤਿੰਦਰ ਸਿੰਘ ਸੇਖੋਂ, ਗੁਰਪ੍ਰੀਤ ਸਿੰਘ ਲੱਖਾ, ਦੀਦਾਰ ਸਿੰਘ ਚੀਮਾ, ਅਵਤਾਰ ਸਿੰਘ ਬਿੱਲੂ, ਧਰਮਪਾਲ ਸਿੰਘ ਪਾਲ, ਇਕਬਾਲ ਸਿੰਘ, ਡਾ. ਡੀ ਪੀ ਸਿੰਘ, ਦਵਿੰਦਰ ਸਿੰਘ ਝਾਵਰ, ਸੁਖਵਿੰਦਰ ਸਿੰਘ, ਉਂਕਾਰ ਸਿੰਘ ਜੌਹਲ, ਬਲਵੰਤ ਸਿੰਘ, ਸੰਤੋਖ ਸਿੰਘ ਚੇਅਰਮੈਨ, ਜੱਸੀ ਗਰਿੱਲ ਐਂਡ ਬਾਰ, ਹਰਭਜਨ ਸਿੰਘ ਮੰਨਨ, ਜੋਧਾ ਕਲੋਆ, ਕੁਲਦੀਪ ਸਿੰਘ ਢਿੱਲੋਂ, ਜਸਵਿੰਦਰ ਕੌਰ ਢਿੱਲੋਂ, ਮਾਸਟਰ ਸਰਬਜੀਤ ਸਿੰਘ, ਸ਼ਮਸ਼ੇਰ ਸਿੰਘ, ਜਸਵੰਤ ਸਿੰਘ, ਅਮਰਜੀਤ ਸਿੰਘ ਪੇਲੀਆ, ਮਲਕੀਤ ਸਿੰਘ ਮਾਣਾ, ਸੁਰਜੀਤ ਸਿੰਘ ਪਰਹਾਰ, ਤਰਸੇਮ ਕੁਮਾਰ, ਵਿਨੋਦ ਚੰਦ, ਹਰਜੀਤ ਸਿੰਘ, ਟਿੰਕੂ ਮਿੱਲੂ, ਅਮਰਜੀਤ ਸਿੰਘ, ਡਾ. ਜਗਦੀਸ਼ ਸਿੰਘ, ਪ੍ਰੋ. ਸੰਦੀਪ ਸਿੰਘ, ਭਗਵਾਨ ਸਿੰਘ, ਤਾਰਾ ਸਿੰਘ, ਹਰਵਿੰਦਰ ਸਿੰਘ ਭੋਲਾ, ਚੈਂਚਲ ਸਿੰਘ ਤੋਖੀ, ਬਲਕਾਰ ਸਿੰਘ ਬੇਗੋਵਾਲ, ਮੋਹਣ ਸਿੰਘ ਭੰਵਰਾ, ਅਵਤਾਰ ਸਿੰਘ ਧੰਜਲ, ਇੰਦਰਜੀਤ ਸਿੰਘ ਸੋਹਲ, ਭਾਗ ਸਿੰਘ ਮੰਡਾਹੜ, ਬਾਈ ਸ਼ਮਸ਼ੇਰ ਸਿੰਘ, ਜਸਪਾਲ ਕੌਰ, ਅਮਰਜੀਤ ਸਿੰਘ, ਗੁਰਪ੍ਰੀਤ ਸਿੰਘ ਲੱਖਾ, ਰੀਟਾ ਕੋਹਲੀ, ਤਰਲੋਚਨ ਸੱਚਰ ਆਦਿ ਦਾ ਵਿਸ਼ੇਸ਼ ਯੋਗਦਾਨ ਰਿਹਾ।

ਚਾਹ ਦੀ ਸੇਵਾ ਚਰਨਜੀਤ ਸਮਰਾ, ਪਾਣੀ ਦੀ ਸੇਵਾ ਅਮਰਜੀਤ ਸਿੰਘ ਪੁਆਰ ਅਤੇ ਲੰਗਰ ਦੀ ਸੇਵਾ ਸਤਿਗੁਰੂ ਸਵੀਟਸ ਸ਼ਾਪ ਵਲੋਂ ਕੀਤੀ ਗਈ।

ਮੰਚ ਸੰਚਾਲਨ ਸੁਰਿੰਦਰ ਸੋਹਲ ਅਤੇ ਮਨਮੋਹਨ ਪੂਨੀ ਵਲੋਂ ਸਾਂਝੇ ਤੌਰ 'ਤੇ ਕੀਤਾ ਗਿਆ।

## ਪਾਕਿਸਤਾਨ ਵੱਲੋਂ ਕਰਤਾਰਪੁਰ ਲਾਂਘਾ 9 ਨਵੰਬਰ ਤੋਂ ਖੋਲ੍ਹਣ ਦਾ ਐਲਾਨ

**ਲਾਹੌਰ (ਬਿਊਰੋ)–** ਪਾਕਿਸਤਾਨ ਨੇ ਨੌਂ ਨਵੰਬਰ ਤੋਂ ਪਵਿੱਤਰ ਗੁਰ-ਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਲਾਂਘਾ ਖੋਲ੍ਹਣ ਦਾ ਐਲਾਨ ਕੀਤਾ ਹੈ। ਕਰਤਾਰਪੁਰ ਲਾਂਘੇ ਦਾ ਕੰਮ ਦੇਖ ਰਹੇ ਇਕ ਸੀਨੀਅਰ ਅਧਿਕਾਰੀ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਪ੍ਰਾਜੈਕਟ ਡਾਇਰੈਕਟਰ ਅਤੀਫ ਮਾਜਿਦ ਨੇ ਪਾਕਿਸਤਾਨੀ ਅਤੇ ਵਿਦੇਸ਼ੀ ਪੱਤਰਕਾਰਾਂ ਦੇ ਤਜਵੀਜ਼ਤ ਕਰਤਾਰਪੁਰ ਲਾਂਘੇ ਦੇ ਦੌਰੇ ਦੌਰਾਨ ਨਾਰੋਵਾਲ ਵਿੱਚ ਇਹ ਐਲਾਨ ਕੀਤਾ। ਨਾਰੋਵਾਲ ਲਾਹੌਰ ਤੋਂ 125 ਕਿਲੋਮੀਟਰ ਦੂਰ ਹੈ। ਉਨ੍ਹਾਂ ਕਿਹਾ ਕਿ ਲਾਂਘੇ ਦਾ 86 ਫੀਸਦੀ ਕੰਮ ਮੁਕੰਮਲ ਹੋ ਚੁੱਕਾ ਹੈ ਤੇ ਲਾਂਘਾ ਭਾਰਤ ਦੇ ਸਿੱਖ ਸ਼ਰਧਾਲੂਆਂ ਲਈ 9 ਨਵੰਬਰ ਨੂੰ ਖੋਲ੍ਹ ਦਿੱਤਾ ਜਾਵੇਗਾ। ਵਰਣਨਯੋਗ ਹੈ ਕਿ ਇਹ ਲਾਂਘਾ ਕਰਤਾਰਪੁਰ ਵਿਚਲੇ ਦਰਬਾਰ ਸਾਹਿਬ ਨੂੰ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਡੇਰਾ ਬਾਬਾ ਨਾਨਕ ਨਾਲ ਜੋੜੇਗਾ। ਇਸ ਲਾਂਘੇ ਰਾਹੀਂ ਸ਼ਰਧਾਲੂ ਬਿਨਾਂ ਵੀਜ਼ੇ ਦੇ ਕਰਤਾਰਪੁਰ ਸਾਹਿਬ ਦੇ ਦਰਸ਼ਨ ਦੀਦਾਰੇ ਕਰ ਸਕਣਗੇ। ਕਰਤਾਰਪੁਰ ਵਿਚ ਸਿੱਖਾਂ ਦੇ ਪਹਿਲੇ ਗੁਰੂ ਨਾਨਕ ਦੇਵ ਜੀ ਨੇ ਇਸ ਜਗ੍ਹਾ ਕਈ ਸਾਲ ਬਿਤਾਏ ਸਨ।



ਪਾਕਿਸਤਾਨ ਵੱਲੋਂ ਭਾਰਤੀ ਸਰਹੱਦ ਤੋਂ ਗੁਰਦੁਆਰਾ ਕਰਤਾਰਪੁਰ ਸਾਹਿਬ ਤੱਕ ਅਤੇ ਭਾਰਤ ਵੱਲੋਂ ਗੁਰਦਾਸਪੁਰ ਜ਼ਿਲ੍ਹੇ ਦੇ ਡੇਰਾ ਬਾਬਾ ਨਾਨਕ ਤੋਂ ਸਰਹੱਦ ਤੱਕ ਲਾਂਘਾ ਬਣਾਇਆ ਜਾ ਰਿਹਾ ਹੈ। ਦੋਵੇਂ ਮੁਲਕ ਇਸ ਗੱਲ 'ਤੇ ਸਹਿਮਤ ਹੋਏ ਹਨ ਕਿ ਪਾਕਿਸਤਾਨ ਰੋਜ਼ਾਨਾ 5000 ਸਿੱਖ ਸੈਲਾਨੀਆਂ ਨੂੰ ਮੁਲਕ ਵਿੱਚ ਲਾਂਘੇ ਰਾਹੀਂ ਦਾਖਲ ਹੋਣ ਦੀ ਇਜਾਜ਼ਤ ਦੇਵੇਗਾ। ਮਾਜਿਦ ਨੇ ਕਿਹਾ ਕਿ ਭਾਰਤ ਦੇ 5 ਹਜ਼ਾਰ ਸ਼ਰਧਾਲੂਆਂ ਦੀ ਦੇਖਭਾਲ ਲਈ 76 ਇਮੀਗਰੇਸ਼ਨ ਕਾਊਂਟਰ ਸਥਾਪਤ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਸ਼ੁਰੂਆਤ ਵਿੱਚ ਭਾਰਤ ਤੋਂ 5 ਹਜ਼ਾਰ ਸਿੱਖ ਸ਼ਰਧਾਲੂ ਰੋਜ਼ਾਨਾ ਇਥੇ ਆਉਣਗੇ ਅਤੇ ਮਗਰੋਂ ਗਿਣਤੀ ਨੂੰ 10 ਹਜ਼ਾਰ ਤਕ ਵਧਾਇਆ ਜਾਵੇਗਾ।

## ਅਮਰੀਕਾ 'ਚ ਜਾਨ ਵਾਰਨ ਵਾਲੇ ਪਹਿਲੇ ਪੱਗੜੀਧਾਰੀ ਸਿੱਖ ਬਲਬੀਰ ਸਿੰਘ ਸੋਢੀ ਦੀ ਅਠਾਰਵੀ ਬਰਸੀ ਮਨਾਈ

**ਨਿਊਯਾਰਕ (ਰਾਜ ਗੋਗਨਾ)—** ਬੀਤੇਂ ਦਿਨ ਅਮਰੀਕਾ ਦੇ ਸੂਬੇ ਏਰੀਜੋਨਾ ਦੇ ਸ਼ਹਿਰ ਮੇਸਾ ਚ' ਰਹਿੰਦੇ ਨਡਾਲਾ ( ਕਪੂਰਥਲਾ) ਨਾਲ ਪਿਛੋਕੜ ਰੱਖਣ ਵਾਲੇ ਜੋ 9K11 ਵਰਲਡ ਟਰੇਡ ਸੈਂਟਰ ਤੇ ਹੋਏ ਦਿਲ ਕੰਬਾਊ ਹਮਲੇ ਤੋਂ ਬਾਅਦ ਜੋ ਨਫਰਤ ਦੀ ਅੱਗ ਬਲੀ ਉਸ ਵਿੱਚ ਆਪਣੀ ਜਾਨ ਵਾਰਨ ਵਾਲੇ ਪਹਿਲੇ ਪੱਗੜੀ ਧਾਰੀ ਸਿੱਖ ਬਲਬੀਰ ਸਿੰਘ ਸੋਢੀ ਇਸ ਨਫਰਤ ਭਰੀ ਹਨੇਰੀ ਦਾ ਸਤੰਬਰ 15 ,2001 ਦੀ ਮਨਹੂਸ ਸ਼ਾਮ ਨੂੰ ਸ਼ਿਕਾਰ ਹੋਏ ਸਨ ,ਉਹਨਾਂ ਦੀ ਮਿੱਠੀ ਯਾਦ ਮਨਾਉਂਦਿਆਂ ਸੋਢੀ ਪਰਿਵਾਰ ਵੱਲੋਂ ਹਰ ਸਾਲ ਦੀ ਤਰਾਂ ਘਟਨਾ ਸਥਾਨ ਮੇਸਾ ਸ਼ਹਿਰ ਦੇ ਉਸ



ਗੈਸ ਸਟੇਸ਼ਨ ਜੋ ਤਸਵੀਰ ਵਿਚ ਦਿਖਾਈ ਦੇ ਰਿਹਾ ਹੈ ਉੱਤੇ ਸ਼ੋਕ ਸਭਾ ਕਰਕੇ ਬਲਬੀਰ ਸਿੰਘ ਸੋਢੀ ਨੂੰ ਸ਼ਰਧਾ ਦੇ ਫੁਲ ਭੇਂਟ ਕੀਤੇ, ਪਰਿਵਾਰ ਅਤੇ ਭਾਈਚਾਰੇ ਤੋਂ ਇਲਾਵਾ ਇਸ ਮੌਕੇ ਸ਼ਹਿਰ ਦੇ ਮਹਾਨ ਸਮਾਜ ਸੇਵਕ ਡਾਕਟਰ ਜਸਵੰਤ ਸਿੰਘ ਸਚਦੇਵ ,ਟੂਸਾਨ ਸ਼ਹਿਰ ਤੋਂ ਉਚੇਚੇ ਤੌਰ ਤੇ ਗੋਰੇ ਸਿੱਖ ਬੀਬੀ ਸਤਿਬੀਰ ਕੌਰ ਖਾਲਸਾ ਅਤੇ ਫੀਨਿਕਸ ਤੋਂ ਸ੍ਰੀ ਦਾਤਾਰ ਸਿੰਘ ,ਇੰਟਰਫੇਥ ਸੁਸਾਇਟੀ ਵੱਲੋਂ ਲੈਰੀ ਫੁਲਟ ਅਤੇ ਉਹਨਾਂ ਦੇ ਭਰਾ ਰਾਣਾ ਸੋਢੀ, ਹਰਦੀਪ ਸਿੰਘ ਸੋਢੀ ਨੇ ਵੀ ਆਪਣੇ ਵਿਚਾਰ ਰੱਖੇ ਅਤੇ ਸਰਬੱਤ ਦੇ ਭਲੇ, ਸੁੱਖ ਸ਼ਾਂਤੀ ਵਾਸਤੇ ਅਰਦਾਸ ਕੀਤੀ






## ਸਿਲੀਕਾਨ ਵੈਲੀ ਗੁਰਦੁਆਰਾ ਸੈਂਟਾਕਲਾਰਾ ਵਿਖੇ ਸਜਿਆ ਧਾਰਮਿਕ ਕਵੀ ਦਰਬਾਰ



**ਸੈਂਟਾਕਲਾਰਾ (ਬਿਊਰੋ)–** ਅਮਰੀਕੀ ਪੰਜਾਬੀ ਕਵੀਆਂ ਵੱਲੋਂ ਸਿਲੀਕਾਨ ਵੈਲੀ ਗੁਰਦੁਆਰਾ, ਸੈਂਟਾਕਲਾਰਾ ਵਿਖੇ ਚਲਦੇ ਦੀਵਾਨਾਂ ਵਿਚ ਸੰਪੂਰਨਤਾ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਪ੍ਰਵਾਨਾ ਨੇ ਮੰਚ ਸੰਭਾਲਦਿਆਂ ਇਤਿਹਾਸ 'ਤੇ ਰੌਸ਼ਨੀ ਪਾਈ। ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਕਵੀ ਸ਼ਾਮਲ ਸਨ: ਗੁਰਦਿਆਲ ਸਿੰਘ 'ਨੂਰਪੁਰੀ', ਤਰਸੇਮ ਸਿੰਘ ਸੁੰਮਨ, ਜਸਦੀਪ ਸਿੰਘ ਫਰੀਮਾਂਟ, ਪ੍ਰਮਿੰਦਰ ਸਿੰਘ ਪ੍ਰਵਾਨਾ, ਮਹਿੰਦਰਪਾਲ ਸਿੰਘ ਆਦਿ ਨੇ ਗੁਰਮਤਿ ਤੇ ਆਧਾਰਿਤ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਸੰਗਤਾਂ ਅਤੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਅਜਿਹੇ ਪ੍ਰੋਗਰਾਮ ਸਫਲ ਹੁੰਦੇ ਹਨ।

# ਕਈ ਫ਼ਸਲਾਂ ਦੀਆਂ 30 ਤੋਂ ਵੱਧ ਕਿਸਮਾਂ ਦੇ ਖੋਜੀ ਸਨ ਡਾ. ਖੇਮ ਸਿੰਘ ਗਿੱਲ

**ਲੁਧਿਆਣਾ (ਬਿਊਰੋ)–** ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਪਹਿਲੇ ਵਿਗਿਆਨੀ ਜਿਨ੍ਹਾਂ ਨੂੰ ਖੋਜ ਲਈ ਵਿਦੇਸ਼ ਜਾਣ ਦਾ ਸੁਭਾਗ ਪ੍ਰਾਪਤ ਹੋਇਆ, ਉਹ ਸਨ ਡਾ. ਖੇਮ ਸਿੰਘ ਗਿੱਲ। 89 ਸਾਲਾ ਦੀ ਉਮਰ ਭੋਗ ਕੇ ਮਾਮੂਲੀ ਬੀਮਾਰੀ ਤੋਂ ਬਾਅਦ ਮੰਗਲਵਾਰ ਉਹ ਇਸ ਫਾਨੀ ਦੁਨੀਆ ਨੂੰ ਅਲਵਿਦਾ ਕਹਿ ਗਏ। ਉਨ੍ਹਾਂ ਵੱਲੋਂ ਆਪਣੇ ਖੋਜ ਕਾਰਜ ਸਦਕਾ ਖੇਤੀ ਜਗਤ ਵਿਚ ਪਾਏ ਗਏ ਯੋਗਦਾਨ ਨੇ ਉਨ੍ਹਾਂ ਨੂੰ ਅਮਰ ਕਰ ਦਿੱਤਾ। ਕਾਲੇਕੇ (ਮੋਗਾ) ਦੇ ਜੰਮਪਲ ਡਾ. ਖੇਮ ਸਿੰਘ ਗਿੱਲ ਨੇ ਬੀਐੱਸਸੀ ਖਾਲਸਾ ਕਾਲਜ ਅੰਮ੍ਰਿਤਸਰ ਤੋਂ 1949 ਵਿਚ ਅਤੇ ਐੱਮਐੱਸਸੀ ਜੈਨੇਟਿਕਸ ਅਤੇ ਪਲਾਂਟ ਬਰੀਡਿੰਗ 1952 ਵਿਚ ਕੀਤੀ।



1962 ਵਿਚ ਪੀਏਯੂ ਦੀ ਸਥਾਪਨਾ ਸਮੇਂ ਡਾ. ਗਿੱਲ ਮੁੱਢਲੇ ਅਮਲੇ ਦੇ ਮੈਂਬਰਾਂ 'ਚੋਂ ਇਕ ਸਨ। ਕੈਲੇਫੋਰਨੀਆ ਯੂਨੀਵਰਸਿਟੀ ਤੋਂ ਅਲਸੀ 'ਤੇ ਪੀਐੱਚਡੀ ਕਰਨ ਉਪਰੰਤ 1966 ਵਿਚ ਵਤਨ ਪਰਤ ਕੇ ਉਨ੍ਹਾਂ ਨੇ ਪੀਏਯੂ ਦੇ ਹਿਸਾਰ ਕੈਂਪਸ ਵਿਚ ਜੈਨੇਟਿਕਸ ਵਿਭਾਗ ਦੇ ਮੁਖੀ ਅਤੇ ਪ੍ਰੋਫੈਸਰ ਵਜੋਂ ਅਹੁਦਾ ਸੰਭਾਲਿਆ। 25 ਮਈ 1968 ਨੂੰ ਡਾ. ਖੇਮ ਸਿੰਘ ਗਿੱਲ ਪਲਾਂਟ ਬਰੀਡਿੰਗ ਵਿਭਾਗ ਦੇ ਮੁਖੀ ਵਜੋਂ ਨਿਯੁਕਤ ਹੋਏ। ਉਨ੍ਹਾਂ ਆਪਣੀ ਖੇਤੀ ਖੋਜ ਦੌਰਾਨ ਕਣਕ, ਬਾਜਰਾ ਅਤੇ ਹੋਰ ਫ਼ਸਲਾਂ ਦੀਆਂ 30 ਤੋਂ ਵਧੇਰੇ ਕਿਸਮਾਂ ਨੂੰ ਹਰੀ ਕ੍ਰਾਂਤੀ ਲਈ ਖੋਜਿਆ। ਉਨ੍ਹਾਂ ਵੱਲੋਂ ਤਿਆਰ ਕੀਤੀ ਡਬਲਿਊਐੱਲ 711 ਕਿਸਮ ਜੋ ਪੰਜਾਬ ਅਤੇ ਬਾਕੀ ਭਾਰਤ ਵਿਚ ਰਿਲੀਜ਼ ਹੋਈ, ਵੱਧ ਝਾੜ ਦੇਣ ਵਾਲੀ ਐਸੀ ਕਣਕ ਦੀ ਦਰਮਿਆਨੀ ਕਿਸਮ ਸੀ ਜਿਸ ਨੇ ਪੰਜਾਬ ਨੂੰ ਭਾਰਤ ਵਿਚ ਕਣਕ ਉਤਪਾਦਨ ਦਾ ਗੜ੍ਹ ਬਣਾ ਦਿੱਤਾ। ਜੇ ਅੱਜ ਪੰਜਾਬ ਕਣਕ ਦਾ 21 ਫ਼ੀਸਦੀ ਪੈਦਾ ਕਰਦਾ ਹੈ ਤਾਂ ਇਸ ਦਾ ਸਿਹਰਾ ਡਾ. ਗਿੱਲ ਦੇ ਸਿਰ ਬੱਝਦਾ ਹੈ। ਪੀਏਯੂ ਨੇ ਇਨ੍ਹਾਂ ਦੇ ਨਾਂ 'ਤੇ ਕਿਸਾਨ ਸੇਵਾ ਕੇਂਦਰ ਦਾ ਨਾਮਕਰਨ ਵੀ ਕੀਤਾ ਹੈ।

ਡਾ. ਗਿੱਲ ਨੂੰ 1976 ਵਿਚ ਰਫ਼ੀ ਅਹਿਮਦ ਕਿਦਵਈ ਯਾਦਗਾਰੀ ਐਵਾਰਡ ਨਾਲ ਸਨਮਾਨਿਆ ਗਿਆ। ਇਸ ਤੋਂ ਬਿਨਾਂ 1981 ਵਿਚ ਭਾਰਤੀ ਖੇਤੀ ਖੋਜ ਪ੍ਰੀਸ਼ਦ ਵੱਲੋਂ ਟੀਮ ਖੋਜ ਐਵਾਰਡ, 1985 ਵਿਚ ਫਿੱਕੀ ਐਵਾਰਡ, 1981, 1987 ਅਤੇ 1991 ਵਿਚ ਅਮਰੀਕੀ ਸਰਕਾਰ ਦੇ ਖੇਤੀਬਾੜੀ ਵਿਭਾਗ ਵਾਸ਼ਿੰਗਟਨ ਵੱਲੋਂ ਐਪਰੀਸੀਏਸ਼ਨ ਐਵਾਰਡ, ਸਿਮਟ ਮੈਕਸੀਕੋ ਵੱਲੋਂ 1973 ਅਤੇ 1993 ਵਿਚ ਕਣਕ ਖੋਜ ਲਈ ਮੈਡਲ ਅਤੇ ਬੋਰਡ ਦੇ ਟਰੱਸਟੀ ਵਜੋਂ ਸਨਮਾਨ, ਆਈਸੀਏਆਰ ਵੱਲੋਂ 1991 ਵਿਚ ਗੋਲਡਨ ਜੁਬਲੀ ਸਨਮਾਨ ਅਤੇ ਤੇਲ ਬੀਜਾਂ ਬਾਰੇ ਭਾਰਤੀ ਸੁਸਾਇਟੀ ਵੱਲੋਂ 1993 ਵਿਚ ਸਿਲਵਰ ਜੁਬਲੀ ਇਨਾਮਾਂ ਨਾਲ ਸਨਮਾਨਿਤ ਕੀਤਾ ਗਿਆ ਸੀ। ਉਨ੍ਹਾਂ ਦੀਆਂ ਖੇਤੀ ਲਈ ਸੇਵਾਵਾਂ ਦੇ ਮੱਦੇਨਜ਼ਰ ਭਾਰਤ ਸਰਕਾਰ ਵੱਲੋਂ 1992 ਵਿਚ ਪਦਮ ਭੂਸ਼ਣ ਨਾਲ ਨਿਵਾਜਿਆ ਗਿਆ।

ਡਾ. ਖੇਮ ਸਿੰਘ ਗਿੱਲ ਸੇਵਾ ਮੁਕਤੀ ਤੋਂ ਬਾਅਦ ਵੀ ਸਿੱਖਿਆ ਨੂੰ ਸਮਰਪਿਤ ਰਹੇ। ਬਾਬਾ ਇਕਬਾਲ ਸਿੰਘ ਨਾਲ ਮਿਲ ਕੇ ਉਨ੍ਹਾਂ ਕਲਗੀਧਰ ਟਰੱਸਟ ਬੜੂ ਸਾਹਿਬ ਸਥਾਪਤ ਕੀਤਾ ਅਤੇ ਅਕਾਲ ਅਕੈਡਮੀਆਂ ਦੇ ਨਿਰਦੇਸ਼ਕ ਵਜੋਂ ਸੇਵਾ ਨਿਭਾਉਂਦੇ ਰਹੇ। 1993 ਵਿਚ ਪਹਿਲੀ ਅਕਾਲ ਅਕੈਡਮੀ ਸਥਾਪਤ ਹੋਣ ਤੋਂ ਲੈ ਕੇ ਹੁਣ ਤਕ ਇਸ ਦੀਆਂ 117 ਸ਼ਾਖਾਵਾਂ ਪੰਜਾਬ, ਹਰਿਆਣਾ, ਹਿਮਾਚਲ, ਰਾਜਸਥਾਨ ਅਤੇ ਯੂਪੀ ਵਿਚ ਫੈਲ ਕੇ ਸਿੱਖਿਆ ਦਾ ਚਾਨਣ ਫੈਲਾ ਰਹੀਆਂ ਹਨ। ਪੀਏਯੂ ਦੇ ਮੌਜੂਦਾ ਵਾਈਸ ਚਾਂਸਲਰ ਡਾ. ਬਲਦੇਵ ਸਿੰਘ ਢਿੱਲੋਂ ਨੇ ਆਪਣੇ ਸੰਦੇਸ਼ ਰਾਹੀਂ ਡਾ. ਖੇਮ ਸਿੰਘ ਗਿੱਲ ਨੂੰ ਬਿਹਤਰੀਨ ਮਨੁੱਖ, ਸਿਰੜੀ ਵਿਗਿਆਨੀ, ਖੇਤੀ ਖੋਜੀ ਅਤੇ ਬੇਮਿਸਾਲ ਪ੍ਰਸ਼ਾਸਕ ਦੱਸਿਆ ਅਤੇ ਕਿਹਾ ਕਿ ਉਨ੍ਹਾਂ ਦੇ ਜਾਣ ਨਾਲ ਦੁਨੀਆ ਦਾ ਬਹੁਤ ਸ਼ਾਨਦਾਰ ਮਨੁੱਖ ਅਤੇ ਖੇਤੀ ਵਿਗਿਆਨੀ ਤੋਂ ਇਹ ਜਗਤ ਵਾਂਝਾ ਹੋ ਗਿਆ ਹੈ।

# ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਵਲੋਂ ਪ੍ਰੋ. ਸੰਤੋਖ ਸਿੰਘ ਔਜਲਾ ਨਾਲ ਰੂਬਰੂ ਪ੍ਰਭਾਵਸ਼ਾਲੀ ਰਿਹਾ

**ਹੇਵਰਡ (ਹੁਸਨ ਲੜੋਆ ਬੰਗਾ)–** ਬੀਤੇ ਦਿਨੀਂ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਵਲੋਂ ਫੇਵਰਟ ਇੰਡੀਆ ਰੈਸਟੋਰੈਂਟ ਹੇਵਰਡ ਵਿਖੇ ਪ੍ਰੋ. ਸੰਤੋਖ ਸਿੰਘ ਔਜਲਾ ਨਾਲ ਕਰਵਾਇਆ ਗਿਆ ਰੂ ਬ ਰੂ ਬਹੁਤ ਪ੍ਰਭਾਵਸ਼ਾਲੀ ਰਿਹਾ। ਇਸ ਸਮਾਗਮ ਦੇ ਸ਼ੁਰੂ ਵਿਚ ਅਕੈਡਮੀ ਦੀ ਜਨਰਲ ਸਕੱਤਰ ਲਾਜ ਨੀਲਮ ਸੈਣੀ ਨੇ ਪ੍ਰਧਾਨਗੀ ਮੰਡਲ ਵਿਚ ਪ੍ਰੋ. ਸੰਤੋਖ ਸਿੰਘ ਔਜਲਾ, ਜਨਮੇਜਾ ਸਿੰਘ ਜੌਹਲ, ਡਾ. ਸੁਖਪਾਲ ਸੰਘੇੜਾ ਅਤੇ ਕਮਲ ਦੇਵ ਪਾਲ ਨੂੰ ਪ੍ਰਧਾਨਗੀ ਮੰਡਲ ਵਿਚ ਸ਼ਾਮਿਲ ਹੋਣ ਲਈ ਸੱਦਾ ਦਿੱਤਾ। ਅਕੈਡਮੀ ਦੇ ਪ੍ਰਧਾਨ ਪ੍ਰੋ. ਸੁਰਿੰਦਰ ਸੀਰਤ ਨੇ ਸਭ ਨੂੰ ਜੀਅ ਆਇਆਂ ਕਿਹਾ। ਇਸ ਰੂ ਬ ਰੂ ਦੌਰਾਨ ਪ੍ਰੋ. ਸੰਤੋਖ ਸਿੰਘ ਔਜਲਾ ਦੇ ਪਲੇਠੇ ਨਾਵਲ 'ਰੌਸਨੀਆਂ ਦਾ ਬਾਗ਼ਬਾਨ' ਉੱਪਰ ਰੌਚਿਕ ਚਰਚਾ ਹੋਈ। ਲਾਜ ਨੀਲਮ ਸੈਣੀ ਨੇ ਨਾਵਲ ਦੇ ਬੈਕ ਪੇਜ ਤੇ ਪਦਮ ਸ਼੍ਰੀ ਸੁਰਜੀਤ ਪਾਤਰ ਵਲੋਂ ਲਿਖੇ ਸ਼ਬਦ ਪੜ੍ਹਦੇ ਕਿਹਾ ਕਿ 'ਰੌਸਨੀਆਂ ਦਾ ਬਾਗ਼ਬਾਨ' ਬਹੁਪਰਤੀ ਸਭਿਆਚਾਰਕ ਸੰਕਟ ਨਾਲ ਦੋ ਚਾਰ ਹੋ ਰਹੇ ਪੰਜਾਬੀ ਸਮਾਜ ਦੀ ਮਾਨਸਿਕਤਾ ਦੀ ਇਕ ਸੁੰਦਰ ਪੇਸ਼ਕਾਰੀ ਹੈ। ਪ੍ਰੋ. ਸੁਖਵਿੰਦਰ ਕੰਬੋਜ ਨੇ ਕਿਹਾ ਕਿ 'ਰੌਸਨੀਆਂ ਦਾ ਬਾਗ਼ਬਾਨ' ਬਦਲਦੇ ਰਿਸ਼ਤਿਆਂ ਦੀ ਕਹਾਣੀ ਇਕ ਐਸੀ ਜੀਵਨ ਜਾਚ ਰਾਹੀਂ ਦੱਸਦਾ ਹੈ, ਜੋ ਹਰ ਮੁਨੱਖ ਦੀ ਆਦਰਸ਼ ਤਾਂਘ ਹੁੰਦੀ ਹੈ। ਮਨ ਇੱਛਤ ਯਥਾਰਥ ਅਤੇ ਜ਼ਿੰਦਗੀ ਦੀ ਸਚਾਈ' ਚ ਜਦੋਂ ਢੇਰ ਅੰਤਰ ਰਹਿ ਜਾਂਦਾ ਹੈ ਤਾਂ ਇਨਸਾਨ ਮਾਨਸਿਕ ਤੌਰ ਤੇ ਪਰੇਸ਼ਾਨ ਹੋ ਜਾਂਦਾ ਹੈ। ਜਦੋਂ ਮਨੁੱਖੀ ਰਿਸ਼ਤਾ ਵਸਤੂ ਵਿਚ ਤਬਦੀਲ ਹੁੰਦਾ ਹੈ ਤਾਂ ਉਸਦੀ ਮਨੋਦਸ਼ਾ ਅਸੰਤੁਲਿਤ ਹੋ ਜਾਂਦੀ ਹੈ। ਇਸ ਉਪਰੰਤ ਪ੍ਰੋ. ਹਰਿੰਦਰਜੀਤ ਸਿੰਘ ਦਾ ਪੇਪਰ ਪੜ੍ਹਦੇ ਹੋਏ ਪ੍ਰੋ. ਬਲਜਿੰਦਰ ਸਿੰਘ ਨੇ ਕਿਹਾ ਕਿ ਪ੍ਰੋ. ਸੰਤੋਖ ਸਿੰਘ ਔਜਲਾ ਵਲੋਂ ਇਸ ਨਾਵਲ ਦੀ ਭਾਸ਼ਾ ਦੀ ਬੁਣਤੀ ਅਤੇ ਬਣਤਰ ਬਹੁਤ ਸੁਚੱਜੇ ਢੰਗ ਨਾਲ ਕੀਤੀ ਗਈ ਹੈ। ਅੱਜ ਦੇ ਸਮੇਂ ਵਿਚ ਸੰਵੇਦਨਸ਼ੀਲ, ਆਦਰਸ਼ਵਾਦੀ ਅਤੇ ਪਵਿੱਤਰ ਰੂਹ ਵਾਲੇ ਇਨਸਾਨ ਜੇ ਕਰ ਆਪਣੇ ਢੰਗ ਨਾਲ ਜੀਵਨ ਜੀਊਣਾ ਚਾਹੁਣ ਤਾਂ ਉਹ ਤਾਰ-ਤਾਰ ਹੋ ਕੇ ਰਹਿ ਜਾਂਦੇ ਹਨ।ਪ੍ਰੋ. ਔਜਲਾ ਨੇ ਸਮਾਜ ਦੇ ਇਸ ਸੱਚ ਨੂੰ ਸਮਾਜ ਦੇ ਸਨਮੁਖ ਕਰਨ ਦੇ ਉਦੇਸ਼ ਨਾਲ ਲਿਖੇ ਇਸ ਨਾਵਲ ਨਾਲ ਪੰਜਾਬੀ ਸਾਹਿਤ ਵਿਚ ਇਕ ਵੱਖਰੀ ਪੈੜ ਬਣਾਈ ਹੈ। ਜਨਮੇਜਾ ਸਿੰਘ ਜੌਹਲ ਨੇ



ਕਿਹਾ ਕਿ ਸਮਾਜ ਵਿਚ ਤਬਦੀਲੀ ਲਿਆਉਣ ਲਈ ਅਜਿਹੀਆਂ ਹੋਰ ਪੁਸਤਕਾਂ ਲਿਖਣ ਦੀ ਲੋੜ ਹੈ।

ਇਸ ਉਪਰੰਤ ਪ੍ਰੋ. ਸੰਤੋਖ ਸਿੰਘ ਔਜਲਾ ਹਾਜ਼ਰ ਸਰੋਤਿਆਂ ਦੇ ਸਨਮੁਖ ਹੋਏ ਅਤੇ ਉਨ੍ਹਾਂ ਇਸ ਨਾਵਲ ਦੀ ਸਿਰਜਣ ਪ੍ਰਕਿਰਿਆ ਦੀ ਗੱਲ ਕਰਦੇ ਕਿਹਾ ਕਿ ਇਸ ਨਾਵਲ ਦਾ ਜਨਮ ਕਹਾਣੀ ਦੇ ਇਕ ਪਲਾਟ ਤੋਂ ਹੋਇਆ ਹੈ। ਇਸ ਨਾਵਲ ਨੂੰ ਲਿਖਦੇ ਵਕਤ ਬੇਸ਼ਕ ਉਨ੍ਹਾਂ ਕੋਲ ਪਰਵਾਸ ਦਾ ਤਜ਼ਰਬਾ ਨਹੀਂ ਸੀ ਪਰ ਉਨ੍ਹਾਂ ਪਰਵਾਸ ਦੀ ਜਾਣਕਾਰੀ ਲੈ ਕੇ ਇਸ ਨਾਵਲ ਨੂੰ ਮੁਕੰਮਲ ਕੀਤਾ। ਇਸ ਨਾਵਲ ਨੂੰ ਪੰਜਾਬ ਵਿਚ ਭਰਵਾਂ ਹੁੰਗਾਰਾ ਵੀ ਮਿਲਿਆ। ਦੂਜੇ ਸੈਸ਼ਨ ਵਿਚ ਵਿਪਸਾ ਵਲੋਂ ਪ੍ਰੋ. ਔਜਲਾ ਨੂੰ ਸਨਮਾਨ ਪੱਤਰ ਅਤੇ ਪੁਸਤਕਾਂ ਦਾ ਸੈੱਟ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਗੋਲਡਨ ਪੰਜਾਬ ਕਲੱਬ ਦੇ ਪ੍ਰਧਾਨ ਸਰਬਜੀਤ ਸਿੰਘ ਗਿੱਲ ਨੇ ਆਪਣੀ ਟੀਮ ਨਾਲ ਪ੍ਰੋ. ਸਾਹਿਬ ਨੂੰ ਲੋਈ ਭੇਂਟ ਕੀਤੀ।

ਤੀਜੇ ਸੈਸ਼ਨ ਵਿਚ ਸੂਫ਼ੀ ਗਾਇਕ ਸੁਖਦੇਵ ਸਾਹਿਲ ਨੇ ਪ੍ਰੋ. ਸੰਤੋਖ ਸਿੰਘ ਔਜਲਾ ਦੀ ਫਰਮਾਇਸ਼ ਤੇ ਸ਼ਿਵ ਕੁਮਾਰ ਬਟਾਲਵੀ, ਧਨੀ ਰਾਮ ਚਾਤ੍ਰਿਕ, ਸੁਰਜੀਤ ਪਾਤਰ, ਕੁਲਵਿੰਦਰ ਅਤੇ ਕਮਲ ਦੇਵ ਪਾਲ ਦੀਆਂ ਲਿਖੀਆਂ ਗ਼ਜ਼ਲਾਂ ਅਤੇ ਗੀਤਾਂ ਨਾਲ ਇਸ ਮਹਿਫ਼ਲ ਨੂੰ ਮੰਤਰ ਮੁਗਧ ਕੀਤਾ। ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਕੁਲਵਿੰਦਰ, ਪ੍ਰਿੰਸੀਪਲ ਹਜ਼ੂਰਾ ਸਿੰਘ, ਗੁਲਸ਼ਨ ਦਿਆਲ, ਰੇਸ਼ਮ ਸਿੱਧੂ, ਅਮ੍ਰਿਤਪਾਲ ਸਿੰਘ, ਸੁਰਜੀਤ ਸਿੰਘ ਬਸਰਾ, ਸੈਮ ਸੈਨਫਰਾਂਸਿਸਕੋ, ਸਰਬਜੀਤ ਕੌਰ ਚੀਮਾ, ਗੁਰਲਾਲ ਸਿੰਘ ਟਰੇਸੀ, ਜਗਵਿੰਦਰ ਸਿੰਘ, ਪ੍ਰੋ. ਸੁਖਦੇਵ ਸਿੰਘ ਕਾਤਰੋਂ, ਦਰਸ਼ਨ ਸਿੰਘ ਗਿੱਲ, ਜਸਵੰਤ ਸਿੰਘ ਸਰਾ, ਬਿਕਰਮਜੀਤ ਸਿੰਘ, ਹਰਦੀਪ ਸਿੰਘ ਔਜਲਾ ਅਤੇ ਪ੍ਰੀਤਮ ਸਿੰਘ ਚੀਮਾ ਸ਼ਾਮਿਲ ਹੋਏ।

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics
9:00 AM to 6:00 PM Mon-Sat
Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu





AAA AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Transmission, Body and Paint Work We Sell Used Cars at a Good Price
Free Estimates
Free Towing
510-733-2222
1421 Industrial PKWY West#F Hayward, CA 94544
Prop: Jasbir Singh Takhar 510-755-2132
Harmandeep Singh





# ਇਮਰਾਨ ਖਾਨ- ਹੈਰਾਨ, ਪ੍ਰੇਸ਼ਾਨ

ਪਾਕਿਸਤਾਨ ਦੇ ਪਹਿਲਾਂ ਰਹਿ ਚੁੱਕੇ ਪ੍ਰਧਾਨ ਮੰਤਰੀਆਂ ਵਾਂਗ ਇਮਰਾਨ ਖਾਨ ਵੀ ਫ਼ੌਜ ਦੀ ਕਠਪੁਤਲੀ ਹੀ ਹਨ। ਪਾਕਿ ਦੀ ਇਹ ਤ੍ਰਾਸਦੀ ਹੈ ਕਿ ਉੱਥੇ ਪ੍ਰਧਾਨ ਮੰਤਰੀ ਦੀ ਕੁਰਸੀ 'ਤੇ ਬੈਠਦਾ ਹੀ ਉਹ ਹੈ ਜਿਹੜਾ ਫ਼ੌਜ ਦੀ ਬੋਲੀ ਬੋਲਦਾ ਹੈ। ਕ੍ਰਿਕਟ ਦੇ ਮੈਦਾਨ 'ਚ ਤਾਂ ਇਮਰਾਨ ਵਧੀਆ ਖਿਡਾਰੀ ਰਹੇ ਹਨ ਪਰ ਸਿਆਸਤ ਦੇ ਮੈਦਾਨ 'ਚ ਉਹ ਹਾਲੇ ਅਨਾੜੀ ਹੀ ਹਨ। ਭੰਬਲਭੂਸੇ 'ਚ ਫਸੇ ਇਮਰਾਨ ਖ਼ਾਨ ਨੂੰ ਪਤਾ ਹੀ ਨਹੀਂ ਲੱਗ ਰਿਹਾ ਕਿ ਕੀ ਕੀਤਾ ਜਾਵੇ ਅਤੇ ਕੀ ਨਾ ਕੀਤਾ ਜਾਵੇ। ਦੋਵਾਂ ਪਾਸਿਆਂ ਤੋਂ ਫਸੇ ਇਮਰਾਨ ਤੋਂ ਪਾਕਿਸਤਾਨੀ ਅਵਾਮ ਬੇਹੱਦ ਨਾਰਾਜ਼ ਹੈ।

ਲੋਕਾਂ ਨੇ ਉਨ੍ਹਾਂ ਨੂੰ ਦੂਜਾ ਜਨਰਲ ਨਿਆਜ਼ੀ ਕਹਿਣਾ ਸ਼ੁਰੂ ਕਰ ਦਿੱਤਾ ਹੈ। ਨਿਆਜ਼ੀ ਪਾਕਿਸਤਾਨ ਦਾ ਉਹ ਜਨਰਲ ਸੀ ਜਿਸ ਨੇ 1971 ਦੀ ਭਾਰਤ-ਪਾਕਿ ਜੰਗ ਵਿਚ ਪੂਰਬੀ ਪਾਕਿਸਤਾਨ 'ਚ 90 ਹਜ਼ਾਰ ਫ਼ੌਜੀਆਂ ਸਮੇਤ ਭਾਰਤੀ ਫ਼ੌਜ ਅੱਗੇ ਆਤਮ-ਸਮਰਪਣ ਕੀਤਾ ਸੀ। ਪਾਕਿਸਤਾਨ ਦੇ ਇਤਿਹਾਸ ਵਿਚ ਨਿਆਜ਼ੀ ਨੂੰ ਹਿਕਾਰਤ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ। ਭਾਰਤ ਵਿਚ ਧਾਰਾ 370 ਹਟਣ ਤੋਂ ਬਾਅਦ ਇਮਰਾਨ ਖ਼ਾਨ ਬੌਖਲਾਏ ਹੋਏ ਹਨ। ਬੇਨਜ਼ੀਰ ਭੁੱਟੋ, ਨਵਾਜ਼ ਸ਼ਰੀਫ, ਜਨਰਲ ਪ੍ਰਵੇਜ਼ ਮੁਸ਼ਰਫ਼ ਅਤੇ ਹੁਣ ਇਮਰਾਨ ਖ਼ਾਨ ਦੀ ਸਿਆਸਤ ਵੀ ਕਸ਼ਮੀਰ ਦੇ ਨਾਂ 'ਤੇ ਹੀ ਚੱਲ ਰਹੀ ਹੈ। ਇਨ੍ਹਾਂ ਪਾਕਿਸਤਾਨੀ ਆਗੂਆਂ ਨੇ ਹਮੇਸ਼ਾ ਕਸ਼ਮੀਰ ਬਾਰੇ ਘਟੀਆ ਸਿਆਸਤ ਕੀਤੀ ਹੈ। ਹੁਣ ਭਾਰਤ ਆਪਣੇ ਅਟੁੱਟ ਅੰਗ ਕਸ਼ਮੀਰ ਦੇ ਮਸਲੇ ਨੂੰ ਸੁਲਝਾਉਣ ਵੱਲ ਤੇਜ਼ੀ ਨਾਲ ਅਗਾਂਹ ਵੱਧ ਰਿਹਾ ਹੈ।

ਕਸ਼ਮੀਰ 'ਚ ਜਨਜੀਵਨ ਪਟੜੀ 'ਤੇ ਆ ਰਿਹਾ ਹੈ। ਹੁਣ ਤਾਂ ਮਕਬੂਜ਼ਾ ਕਸ਼ਮੀਰ ਲੈਣ ਦੀਆਂ ਆਵਾਜ਼ਾਂ ਵੀ ਉੱਠ ਰਹੀਆਂ ਹਨ। ਪ੍ਰਧਾਨ ਮੰਤਰੀ ਮੋਦੀ ਦੇ ਮੰਤਰੀਆਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਭਾਰਤ ਮਕਬੂਜ਼ਾ ਕਸ਼ਮੀਰ ਵੀ ਲੈ ਕੇ ਰਹੇਗਾ। ਇਮਰਾਨ ਨੂੰ ਤਾਂ ਇਸ ਗੱਲ ਦਾ ਸ਼ੁਰੂ ਤੋਂ ਹੀ ਇਲਮ ਹੈ ਕਿ ਜੰਗ ਦੇ ਮਾਮਲੇ 'ਚ ਪਾਕਿਸਤਾਨ ਭਾਰਤ ਦੇ ਮੁਕਾਬਲੇ ਕਿਤੇ ਵੀ ਨਹੀਂ ਠਹਿਰਦਾ। ਹੁਣ ਪਾਕਿ ਫ਼ੌਜ ਨੂੰ ਵੀ ਮੱਤ ਆ ਗਈ ਹੈ ਕਿ ਉਹ ਭਾਰਤ ਦਾ ਮੁਕਾਬਲਾ ਨਹੀਂ ਕਰ ਸਕਦੀ।

ਸਭ ਨੂੰ ਪਤਾ ਹੈ ਕਿ ਜ਼ੁਬਾਨ ਇਮਰਾਨ ਦੀ ਹੁੰਦੀ ਹੈ ਪਰ ਬੋਲ ਫ਼ੌਜ ਹੀ ਤੈਅ ਕਰਦੀ ਹੈ। ਕੁੱਲ ਮਿਲਾ ਕੇ ਇਮਰਾਨ ਕੋਲ ਪਰਮਾਣੂ ਬੰਬ ਦੀ ਹੀ ਧਮਕੀ ਹੈ ਜਿਹੜੀ ਉਹ ਦਿੰਦੇ ਰਹਿੰਦੇ ਹਨ ਪਰ ਪੂਰੀ ਦੁਨੀਆ ਜਾਣਦੀ ਹੈ ਕਿ ਇਹ ਸਿਰਫ਼ ਗਿੱਦੜ ਭਬਕੀਆਂ ਹੀ ਹਨ। ਇਸ ਸਭ ਨਾਲ ਪਾਕਿਸਤਾਨ ਕੌਮਾਂਤਰੀ ਮੰਚਾਂ 'ਤੇ ਆਪਣੀ ਹੀ ਫਜ਼ੀਹਤ ਕਰਵਾ ਰਿਹਾ ਹੈ। ਸਾਰਿਆਂ ਨੂੰ ਮਕਬੂਜ਼ਾ ਕਸ਼ਮੀਰ ਦੇ ਹਾਲਾਤ ਪਤਾ ਹਨ। ਪਾਕਿਸਤਾਨ ਨੇ ਮਕਬੂਜ਼ਾ ਕਸ਼ਮੀਰ ਨੂੰ ਨਰਕ ਬਣਾਇਆ ਹੋਇਆ ਹੈ। ਗ਼ੁਰਬਤ ਤੇ ਲਾਚਾਰੀ ਲੋਕਾਂ ਦੀ ਕਿਸਮਤ ਬਣ ਚੁੱਕੀ ਹੈ। ਖ਼ੈਰ! ਇਮਰਾਨ ਖ਼ਾਨ ਚੰਗੀ ਤਰ੍ਹਾਂ ਜਾਣਦੇ ਹਨ ਕਿ ਜੇ ਇਸ ਵਾਰ ਭਾਰਤ ਨਾਲ ਜੰਗ ਹੋਈ ਤਾਂ ਪਾਕਿਸਤਾਨ ਦਾ ਹਾਲ ਪਹਿਲੀਆਂ ਜੰਗਾਂ ਤੋਂ ਵੀ ਮਾੜਾ ਹੋਵੇਗਾ। ਦਰਅਸਲ, ਜਿਸ ਅੱਤਵਾਦ ਦੀ ਪਾਕਿਸਤਾਨ ਨੇ ਪੁਸ਼ਤ-ਪਨਾਹੀ ਕੀਤੀ ਹੈ, ਹੁਣ ਉਹੀ ਜਿਹਾਦ ਦੇ ਨਾਂ 'ਤੇ ਉਸ ਲਈ ਮੁਸੀਬਤਾਂ ਖੜ੍ਹੀਆਂ ਕਰ ਰਿਹਾ ਹੈ। ਸੱਚ ਤਾਂ ਇਹ ਹੈ ਕਿ ਜੇ ਗੁਆਂਢੀ ਮੁਲਕ 'ਚ ਸ਼ਾਂਤੀ ਰਹੇਗੀ ਤਾਂ ਹੀ ਦੋਵੇਂ ਦੇਸ਼ ਤਰੱਕੀ ਕਰਨਗੇ। ਪਾਕਿਸਤਾਨ ਨੂੰ ਹੁਣ ਅੱਤਵਾਦ ਦਾ ਖਹਿੜਾ ਛੱਡ ਦੇਣਾ ਚਾਹੀਦਾ ਹੈ ਤਾਂ ਕਿ ਦੋਵੇਂ ਮੁਲਕਾਂ ਨੂੰ ਦਰਪੇਸ਼ ਸਮੱਸਿਆਵਾਂ ਖ਼ਿਲਾਫ਼ ਜੰਗ ਲੜੀ ਜਾ ਸਕੇ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ

# ਬਾਬੇ ਨਾਨਕ ਦਾ ਵਿਆਹ, ਗ੍ਰਿਹਸਤ ਤੋਂ ਭਗੌੜੇ ਬਾਬੇ ਅਤੇ ਕਮਰਸ਼ੀਅਲ ਪ੍ਰਬੰਧਕ

ਅਵਤਾਰ ਸਿੰਘ
singhstudent@gmail.com

ਨੋਟ-ਪੂਰਾ ਲੇਖ ਪੜ੍ਹਕੇ ਹੀ ਲੇਖ ਦਾ ਭਾਵ ਸਮਝ ਆਵੇਗਾ ਅਤੇ ਪਤਾ ਚੱਲੇਗਾ ਕਿ ਇਹ ਲੇਖ ਕਿਉਂ ਲਿਖਿਆ ਹੈ? ਦੇਖੋ! ਕਰਤਾਰ ਨੇ ਸੰਸਾਰ ਨੂੰ ਚਲਦਾ ਰੱਖਣ ਲਈ ਮੇਲ ਅਤੇ ਫੀਮੇਲ ਭਾਵ ਮਰਦ ਅਤੇ ਔਰਤ ਦਾ ਜੋੜਾ ਪੈਦਾ ਕੀਤਾ, ਜਿੰਨ੍ਹਾਂ ਦੇ ਸਰੀਰਕ ਮੇਲ ਤੋਂ ਅੱਗੇ ਬੱਚਿਆਂ ਦਾ ਜਨਮ ਹੋਇਆ ਅਤੇ ਸੰਸਾਰ ਪ੍ਰਵਾਰ ਦਾ ਪ੍ਰਵਾਹ ਚੱਲਿਆ। ਵਿਆਹ ਇਨਸਾਨੀਅਤ ਜੁਮੇਵਾਰੀ ਅਤੇ ਗ੍ਰਿਹਸਤ ਦੇ ਫਰਜਾਂ ਦਾ ਅਹਿਸਾਸ ਕਰਾਉਂਦਾ ਹੈ। ਇਹ ਇੱਕ ਸਮਾਜਿਕ ਸਵਿਧਾਨ ਹੈ ਜਿਸ ਦੇ ਦਾਇਰੇ ਵਿੱਚ ਰਹਿ ਕੇ, ਇਸਤਰੀ ਪੁਰਸ਼ ਨੇ ਖੁਸ਼ੀਆਂ-ਖੇੜਿਆਂ ਭਰਿਆ ਜੀਵਨ ਬਤੀਤ ਕਰਨਾ ਹੈ। ਪਹਿਲੇ ਔਰਤ-ਮਰਦ ਜੰਗਲੀ ਪਸ਼ੂਆਂ ਵਾਂਗ ਹੀ ਖਾਂਦੇ, ਪੀਂਦੇ ਅਤੇ ਸੰਸਾਰਕ ਭੋਗ ਭੋਗਦੇ ਸਨ ਪਰ ਮਾਨਵਜਾਤੀ ਦੇ ਪੁਰਾਤਨ ਵਿਰਸੇ ਵੱਲ ਝਾਤ ਮਾਰੀਏ ਤਾਂ ਪਤਾ ਲਗਦਾ ਹੈ ਕਿ ਜਦ ਦੇ ਆਦਮੀ ਔਰਤ ਜੰਗਲੀ ਜੀਵਨ ਤੋਂ ਉੱਪਰ ਉੱਠ ਕੇ, ਕਬੀਲਿਆਂ ਵਿੱਚ ਰਹਿਣਾ ਸਿੱਖੇ ਅਤੇ ਸਭਿਅਕ ਜੀਵਨ ਵਿੱਚ ਪ੍ਰਵੇਸ਼ ਹੋਏ, ਸਭਾ ਸੁਸਾਇਟੀਆਂ ਬਣੀਆਂ, ਓਦੋਂ ਤੋਂ ਹੀ ਰਹਿਣ ਸਹਿਣ ਦੇ ਢੰਗ ਤਰੀਕੇ ਵੀ ਬਦਲੇ ਅਤੇ ਸਭਿਅਕ ਸਮਾਜਿਕ ਜੀਵਨ ਵਿੱਚ ਸਬੰਧਤ ਰਿਸ਼ਤੇ ਪੈਦਾ ਹੋਏ। ਇਹ ਰਿਸ਼ਤੇ ਇਸ ਪ੍ਰਕਾਰ ਹਨ ਜਿਵੇਂ-ਦਾਦਾ-ਦਾਦੀ, ਮਾਤਾ-ਪਿਤਾ, ਪਤੀ-ਪਤਨੀ, ਪੁੱਤਰ-ਧੀ, ਭੈਣ-ਭਰਾ, ਤਾਇਆ-ਤਾਈ, ਚਾਚਾ-ਚਾਚੀ, ਦਿਉਰ-ਭਾਬੀ, ਜੇਠ-ਜੇਠਾਣੀ, ਨਾਨਾ-ਨਾਨੀ, ਮਾਸੜ-ਮਾਸੀ, ਫੁੱਫੜ-ਭੂਆ, ਮਾਮਾ-ਮਾਮੀ, ਭਤੀਜਾ-ਭਤੀਜੀ, ਭਾਣਜਾ-ਭਾਣਜੀ ਅਤੇ ਹੋਰ ਵੀ ਅੰਗਲੀਆਂ-ਸੰਗਲੀਆਂ ਦੇ ਰਿਸ਼ਤੇ ਆਦਿਕ। ਜਦ ਤੋਂ ਸਿਖਿਆ-ਸਿਖਲਾਈ ਲਈ ਪਾਠਸ਼ਾਲਾ, ਮਦਰੱਸੇ, ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਖੁੱਲ੍ਹੀਆਂ ਤਦ ਤੋਂ ਲੋਕ ਗਿਆਨ ਵਿਗਿਆਨ ਦੀ ਸਿਖਿਆ ਲੈਣ ਲੱਗੇ ਅਤੇ ਸਦਾ ਕੁਵਾਰੇ ਰਹਿਣੇ, ਗ੍ਰਿਹਸਤ-ਭਗੌੜੇ ਸਿੱਧ-ਜੋਗੀ ਅਤੇ ਸਾਧ-ਬਾਬਿਆਂ ਦੀ ਅਸਲੀਅਤ ਨੂੰ ਜਾਨਣ ਲੱਗ ਪਏ।

ਸਿੱਖ ਧਰਮ (ਮਾਨਵ ਜੀਵਨ ਜਾਚ) ਦੇ ਬਾਨੀ ਬਾਬੇ ਨਾਨਕ ਦਾ ਜਨਮ ਪ੍ਰਕਾਸ਼, ਮਾਤਾ ਤ੍ਰਿਪਤਾ ਅਤੇ ਪਿਤਾ ਕਾਲੂ ਦੇ ਘਰ ਰਾਏ ਭੋਇ ਦੀ ਤਲਵੰਡੀ, ਜਿਲ੍ਹਾ ਸੇਖੂਪੁਰਾ, ਅਜੋਕੇ ਪਾਕਿਸਤਾਨ ਵਿਖੇ ਵੈਸਾਖ ਮਹੀਨੇ ਸੰਨ 1469 ਨੂੰ ਹੋਇਆ। ਸਮਾਜਿਕ ਜੁਮੇਵਾਰੀ ਸੰਭਾਲਦੇ ਹੀ ਬਾਬਾ ਨਾਨਕ ਜੀ ਦਾ ਵਿਆਹ, ਪੱਖੋਕੇ ਰੰਧਾਵੇ ਪਿੰਡ ਦੇ ਮੂਲ ਚੰਦ ਦੀ ਬੇਟੀ, ਬੀਬੀ ਸੁਲੱਖਣੀ ਨਾਲ ਬਟਾਲੇ ਵਿਖੇ ਹੋ ਗਿਆ। ਸਮਾ ਪਾ ਕੇ ਸ੍ਰੀ ਚੰਦ ਅਤੇ ਲਖਮੀ ਦਾਸ ਦੋ ਬੱਚੇ ਪੈਦਾ ਹੋਏ ਜੋ ਪਿਤਾ ਗੁਰੂ ਬਾਬੇ ਦੀ ਸੰਗਤ ਤੋਂ ਵਾਂਝੇ ਰਹਿਣ ਕਰਕੇ, ਭੇਖੀ ਬਿਹੰਗਮ ਸਾਧਾਂ ਦੀ ਸੰਗਤ ਦਾ ਸ਼ਿਕਾਰ ਹੋ ਗਏ। ਸ੍ਰੀ ਚੰਦ ਤਾਂ ਗ੍ਰਿਹਸਤ ਤੋਂ ਭਗੌੜਾ ਹੋ, ਜਟਾਂ ਵਧਾ, ਕੰਨ ਪਾੜ, ਸਰੀਰ ਤੇ ਸੁਵਾਹ ਮਲ ਕੇ ਪੁੱਠੀਆਂ-ਸਿੱਧੀਆਂ ਸਮਾਧੀਆਂ ਲੌਣ ਲੱਗ ਪਿਆ ਪਰ ਲਖਮੀ ਦਾਸ ਨੇ ਗ੍ਰਿਹਸਤ ਮਾਰਗ ਅਪਣਾ ਲਿਆ।

ਦੇਖੋ! ਕਿਰਤੀ ਤੇ ਗ੍ਰਿਹਸਤੀ ਬਾਬੇ ਨਾਨਕ ਨੇ ਬਚਪਨ ਵਿੱਚ ਬਾਲ ਖੇਡਾਂ ਖੇਡੀਆਂ, ਵਿਦਿਆ ਪੜ੍ਹੀ, ਮੱਝਾਂ ਚਾਰੀਆਂ, ਖੇਤੀ ਕੀਤੀ, ਵਾਪਾਰ ਕੀਤਾ, ਮੋਦੀਖਾਨੇ ਨੌਕਰੀ ਕੀਤੀ ਭਾਵ ਸੰਸਾਰਕ ਗ੍ਰਿਹਸਤੀ ਅਤੇ ਕਿਰਤੀ ਵਾਲੇ ਸਾਰੇ ਫਰਜ ਨਿਭਾਏ ਤੇ ਨਾਲ ਨਾਲ ਰੱਬੀ ਧਰਮ ਦਾ ਪ੍ਰਚਾਰ ਵੀ ਬਾਖੂਬੀ ਕੀਤਾ। ਜਦ ਬਾਬੇ ਨੇ ਦੇਖਿਆ ਕਿ ਰਾਜਨੀਤਕ ਅਤੇ ਧਰਮ ਪੁਜਾਰੀ ਮਿਲ ਕੇ, ਲੋਕਾਈ ਨੂੰ ਲੁੱਟ ਰਹੇ ਹਨ-ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਾਹਮਣ ਨਾਵੈ ਜੀਆ ਘਾਇ॥ ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ॥ (੬੬੨) ਰਾਜੇ ਪਾਪ ਕਮਾਂਮਦੇ ਉਲਟੀ ਵਾੜ ਖੇਤਿ ਕਉ ਖਾਈ॥ (ਭਾ.ਗੁ) ਤਾਂ ਲੋਕਾਈ ਨੂੰ ਗਿਆਨ ਰਾਹੀਂ ਸੁਚੇਤ ਕਰਨ ਵਾਸਤੇ, ਫੁੱਲ ਟਾਈਮ ਧਰਮ ਪ੍ਰਚਾਰ ਵਿੱਚ ਜੁੱਟ ਗਏ। ਸੰਸਾਰ ਦਾ ਭ੍ਰਮਨ ਕਰ, ਰੱਬੀ ਭਗਤਾਂ ਨਾਲ ਮਿਲ ਕੇ, ਵੱਡੇ ਵੱਡੇ ਰਾਜਿਆਂ, ਧਰਮ ਆਗੂਆਂ ਅਤੇ ਬਹੁਤ ਸਾਰੀ ਲੋਕਾਈ ਨੂੰ, ਵਿਚਾਰ ਵਿਟਾਂਦਰੇ ਦੇ ਰੱਬੀ ਬਾਣਾਂ ਰਾਹੀਂ, ਸਿੱਧੇ ਰਸਤੇ ਪਾਇਆ। ਘਰ ਘਰ ਲੋਕ ਬਾਬੇ ਦੇ ਰੱਬੀ ਉਪਦੇਸ਼ਾਂ ਅਤੇ ਪਰ-ਉਪਕਾਰਾਂ ਨੂੰ ਯਾਦ ਕਰਨ ਲੱਗ ਪਏ-ਘਰਿ ਘਰਿ ਬਾਬਾ ਗਾਵੀਐ ਵਜਨਿ ਤਾਲੁ ਮ੍ਰਿਦੰਗ ਰਾਬਾਬਾ॥ (ਭਾ.ਗੁ) ਬਾਬੇ ਨਾਨਕ ਨੇ ਇਲਾਹੀ ਬਾਣੀ ਰਚੀ ਅਤੇ ਰੱਬੀ ਭਗਤਾਂ ਦੀ ਬਾਣੀ ਵੀ ਇਕੱਤਰ ਕਰਕੇ, ਧਰਮ ਪੋਥੀ ਵਿੱਚ ਲਿਖੀ ਜੋ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ, ਅੱਗੇ ਆਪਣੇ ਯੋਗ ਉਤ੍ਰਾਧਿਕਾਰੀ ਗੁਰੂ ਅੰਗਦ ਸਾਹਿਬ ਨੂੰ ਸੌਂਪ ਦਿੱਤੀ-ਤਿਤ ਮਹਿਲ ਜੋ ਸ਼ਬਦ ਹੋਆ ਸੋ ਪੋਥੀ ਗੁਰ ਅੰਗਦ ਜੋਗੁ ਮਿਲੀ॥ (ਪੁਰਾਤਨ ਜਨਮਸਾਖੀ ਵਲੈਤ ਵਾਲੀ, ਸਾਖੀ ਨੰਬਰ ੫੭) ਬਾਲ ਗੁਰੂ ਹਰਕ੍ਰਿਸ਼ਨ ਜੋ ਛੋਟੀ ਉਮਰੇ ਜੋਤੀ ਜੋਤਿ ਸਮਾ ਗਏ ਅਤੇ ਬਾਬੇ ਨਾਨਕ ਦੇ ਬਾਕੀ ਉਤ੍ਰਾਧਿਕਾਰੀਆਂ ਨੇ, ਕਿਰਤ ਤੇ ਗ੍ਰਿਹਸਤ ਵਿੱਚ ਵਿਚਰਦੇ, ਸੱਚ ਧਰਮ ਦਾ ਪ੍ਰਚਾਰ ਕੀਤਾ। ਦਸਵੇਂ ਗੁਰੂ ਗੋਬਿੰਦ ਸਿੰਘ ਦੇ ਰੂਪ ਵਿੱਚ, ਗਿਅਨ ਦੇ ਭੰਡਾਰ, "ਸ਼ਬਦ ਗੁਰੂ ਗ੍ਰੰਥ ਸਾਹਿਬ" ਨੂੰ ਸਦੀਵੀ ਗੁਰਤਾ ਬਖਸ਼ ਦਿੱਤੀ।

ਆਪਾਂ ਗੱਲ ਕਰ ਰਹੇ ਸੀ ਵਿਆਹ ਦੀ, ਜੋ ਇਸਤਰੀ ਅਤੇ ਪੁਰਸ਼ ਦਾ ਮਾਨੁੱਖੀ ਫਰਜਾਂ ਚੋਂ ਪ੍ਰਮੁੱਖ ਫਰਜ ਹੈ। ਜਿਸਨੂੰ ਰੱਬੀ ਭਗਤਾਂ ਅਤੇ ਸਿੱਖ ਗੁਰੂਆਂ ਨੇ ਬਾਖੂਬੀ ਨਿਭਾਇਆ ਪਰ ਫਜ਼ੂਲ ਦੀਆਂ ਰੀਤਾਂ ਰਸਮਾਂ ਅਤੇ ਲੋਕ ਦਿਖਾਵੇ ਵਾਲੇ ਥੋਥੇ ਕਰਮਕਾਂਡਾਂ ਦਾ ਜੋਰਦਾਰ ਖੰਡਨ ਕੀਤਾ। ਇਤਿਹਾਸ ਪੜ੍ਹ ਕੇ ਵੇਖੋ, ਕਿਸੇ ਭਗਤ ਜਾਂ ਸਿੱਖ ਗੁਰੂ ਦੇ ਜਾਂਨਸ਼ੀਨ ਗੁਰੂਆਂ ਨੇ, ਜਨਮ ਦਿਨ, ਵਿਆਹ ਦਿਨ, ਮਰਨ ਦਿਨ, ਰੱਖੜੀਆਂ, ਲੋਹੜੀਆਂ ਅਤੇ ਸੰਗ੍ਰਾਂਦਾਂ ਆਦਿਕ ਦਿਨ ਨਹੀਂ ਮਨਾਏ। ਇਹ ਤਾਂ ਅਨਮੱਤੀਆਂ ਦੀ ਦੇਖਾ ਦੇਖੀ, ਮਾਇਆ ਅਤੇ ਹਲਵੇ ਮੰਡੇ ਦਾ ਪ੍ਰਬੰਧ ਕਰਨ ਲਈ, ਸਿੱਖ ਡੇਰੇਦਾਰਾਂ, ਸੰਪ੍ਰਦਾਈਆਂ ਅਤੇ ਅਜੋਕੇ ਪਦਾਰਥਵਾਦੀ ਪ੍ਰਬੰਧਕਾਂ ਨੇ, ਸਿੱਖ ਧਰਮ ਅਸਥਾਨਾਂ (ਗੁਰਦੁਆਰਿਆਂ) ਵਿੱਚ ਵੀ ਮਨਾਉਣੇ ਸ਼ੁਰੂ ਕਰ ਦਿੱਤੇ ਕਿਉਂਕਿ ਜਿੰਨੇ ਜਿਆਦਾ ਧਰਮ-ਕਰਮ, ਦਿਨ-ਦਿਹਾੜੇ, ਪੁਰਬ ਮਨਾਏ ਜਾਣਗੇ, ਓਨੀਆਂ ਹੀ ਗੋਲਕਾਂ ਵੱਧ ਭਰਨਗੀਆਂ ਅਤੇ ਸਾਧ, ਪੁਜਾਰੀ, ਮਨਮੱਤੀ ਪ੍ਰਚਾਰਕ ਅਤੇ ਪ੍ਰਬੰਧਕ ਮੌਜਾਂ ਮਾਨਣਗੇ।

ਭਲਿਓ ਦੇਖੋ! ਜਿਹੜੀਆਂ, ਰੀਤਾਂ, ਰਸਮਾਂ, ਪੁਰਬ ਅਤੇ ਮਿੱਥਾਂ ਰੱਬੀ ਭਗਤਾਂ, ਸਿੱਖ-ਗੁਰੂਆਂ ਅਤੇ ਪੁਰਾਤਨ ਗੁਰਸਿੱਖਾਂ ਨੇ ਕਦੇ ਨਹੀਂ ਮਨਾਈਆਂ, ਉਹ ਅਸੀਂ ਅੱਜ ਕਿਵੇਂ ਮਨਾ ਸਕਦੇ ਹਾਂ? ਜਿਨ੍ਹਾਂ ਦਾ ਇਤਿਹਾਸ ਵਿੱਚ ਵੀ ਕੋਈ ਜਿਕਰ ਨਹੀਂ ਹੈ। ਕੀ ਅਸੀਂ ਰੱਬੀ ਭਗਤਾਂ, ਸਿੱਖ ਗੁਰੂਆਂ ਅਤੇ ਸਿੰਘ ਸ਼ਹੀਦਾਂ ਨਾਲੋਂ ਜਿਅਦਾ ਸਿਆਣੇ ਹੋ ਗਏ ਹਾਂ ਜੋ ਗੁਰੂਆਂ ਦੇ ਨਾਂ ਤੇ ਨਿੱਤ ਨਵੇਂ ਕਰਮਕਾਂਡ ਚਲਾ, ਸਿੱਖ ਸੰਗਤਾਂ ਨੂੰ ਕੁਰਾਹੇ ਪਾ ਕੇ, ਗੁਰਬਾਣੀ ਦੇ ਅਸਲ ਮਨੋਰਥ ਤੋਂ ਤੋੜੀ ਜਾ ਰਹੇ ਹਾਂ? ਜਰਾ ਠੰਡੇ ਦਿਲ ਦਿਮਾਗ ਨਾਲ ਸੋਚੋ! ਸਿੱਖ ਇੱਕ ਵਿਲੱਖਣ ਕੌਮ, ਇਸ ਦੇ ਰੀਤੀ, ਰਿਵਾਜ ਅਤੇ ਇਤਿਹਾਸਕ ਦਿਹਾੜੇ ਵੀ ਵੱਖਰੇ ਹਨ। ਜਨਮ ਅਤੇ ਵਿਆਹ ਦਿਨ ਆਦਿਕ ਮਨਾਉਣੇ ਗੁਰਸਿੱਖਾਂ ਦੇ ਨਹੀਂ ਸਗੋਂ ਪੱਛਮੀ ਲੋਕਾਂ ਦੇ ਰਿਵਾਜ ਹਨ। ਬਾਬੇ ਨਾਨਕ ਦਾ ਵਿਆਹ ਦਿਨ ਮਨਾਉਣ ਵਾਲਿਆਂ ਚੋਂ ਖਾਸ ਕਰਕੇ ਵਿਆਹ ਨਾ ਕਰਾਉਣ ਵਾਲੇ ਡੇਰੇਦਾਰ ਸੰਤ, ਬਾਬਿਆਂ ਅਤੇ ਸੰਪ੍ਰਦਾਈਆਂ ਨੂੰ ਤਾਂ ਘੱਟੋ ਘੱਟ ਸ਼ਰਮ ਕਰਨੀ ਚਾਹੀਦੀ ਹੈ ਜੋ ਗ੍ਰਿਹਸਤ ਤੋਂ ਭਗੌੜੇ ਵਿਹਲੜ ਹੋ, ਕਿਰਤ ਕਮਾਈ ਛੱਡ ਕੇ, ਗ੍ਰਿਹਸਤੀਆਂ ਅਤੇ ਕਿਰਤੀਆਂ ਦੀ ਖੂਨ ਪਸੀਨੇ ਦੀ ਕਮਾਈ, ਧਰਮ ਦੇ ਨਾ ਤੇ ਹੜੱਪ ਕੇ, ਗੋਗੜਾਂ ਵਧਾਈ ਫਿਰਦੇ ਹਨ। ਸਾਡੇ ਗ੍ਰੰਥੀ, ਰਾਗੀ, ਢਾਡੀ, ਕਥਾਵਾਚਕ, ਪ੍ਰਚਾਰਕ ਅਤੇ ਪ੍ਰਬੰਧਕ ਬਾਬੇ ਦੇ ਵਿਆਹ ਤੇ ਵੀ ਦੁਨਿਆਵੀ ਰਸਮਾਂ, ਪਾਣੀ ਵਾਰਨਾਂ, ਸਗਨਾਂ, ਪਹਿਰਾਵਿਆਂ, ਵੱਖ ਵੱਖ ਪਕਵਾਨਾਂ, ਮਠਿਆਈਆਂ ਅਤੇ ਲੈਣ ਦੇਣ (ਦਾਜ-ਦਹੇਜ) ਦੇ ਹੀ ਸੋਹਿਲੇ ਗਾਉਂਦੇ ਨਹੀਂ ਥੱਕਦੇ। ਪ੍ਰਬੰਧਕ ਵੀ ਕਮਰਸ਼ੀਅਲ ਹੋ ਗਏ ਨੇ ਤਾਂ ਹੀ ਗੁਰਦੁਆਰਿਆਂ ਵਿੱਚ, ਧਰਮ ਦੇ ਨਾਂ ਤੇ ਅਨੇਕਾਂ ਕਰਮਕਾਂਡ ਅਤੇ ਰੀਤੀ ਰਿਵਾਜ ਚਲਾ ਕੇ, ਸੰਗਤ ਨੂੰ ਕੁਰਾਹੇ ਪਾ, ਠੱਗੀ ਜਾਂਦੇ ਹਨ। ਜੇ ਇਹ ਸਾਰੇ ਧਰਮ ਪ੍ਰਚਾਰਕ ਅਤੇ ਪ੍ਰਬੰਧਕ ਅਖਵਾਉਣ ਵਾਲੇ ਲੋਕ, ਗ੍ਰਿਹਸਤ, ਕਿਰਤ, ਸੇਵਾ ਆਦਿਕ ਰੱਬੀ ਯਾਦ ਵਾਲੇ ਮਨੁੱਖੀ ਫਰਜ ਤਨਦੇਹੀ ਨਾਲ ਨਿਭਾਉਣ ਦੀ ਅਸਲੀ ਵਿਆਖਿਆ ਕਰਨ ਅਤੇ ਅਜਿਹੇ ਹੀ ਸੋਹਿਲੇ ਗੀਤ ਗਾਉਣ ਤਾਂ ਲੋਕਾਈ ਨੂੰ ਚੰਗੀ ਸਿਖਿਆ ਮਿਲੇਗੀ ਅਤੇ ਸਮਾਜ ਸੁਧਾਰ ਵੀ ਹੋਵੇਗਾ। ਭਲਿਓ! ਅੱਜ ਦੇ ਮਹਿੰਗਾਈ ਦੇ ਜਮਾਨੇ ਵਿੱਚ ਤਾਂ ਅਸਲੀ ਵਿਆਹ ਦਾ ਖਰਚਾ ਕਰਨਾ, ਲੋਕ ਲਾਜ ਕਰਕੇ ਬੜਾ ਔਖਾ ਹੋਇਆ ਪਿਆ ਹੈ। ਕਿੰਨ੍ਹਾਂ ਚੰਗਾ ਹੋਵੇ ਜੇ ਅਸੀਂ ਰੱਬੀ ਭਗਤਾਂ, ਸਿੱਖ ਗੁਰੂਆਂ, ਸ਼ਹੀਦਾਂ ਅਤੇ ਆਪਣੇ ਵਿਆਹ ਦਿਨ ਮਨਾਉਣ ਦੀ ਥਾਂ ਲੋੜਵੰਦ ਆਰਥਿਕ ਤੌਰ ਤੇ ਪਛੜੇ ਮੁੰਡੇ-ਕੁੜੀਆਂ ਦੇ ਵਿਆਹ ਉੱਤੇ ਆਰਥਕ ਮਦਦ ਕਰਕੇ, ਉਨ੍ਹਾਂ ਦਾ ਗ੍ਰਿਹਸਤ ਜੀਵਨ ਸੁਹੇਲਾ ਕਰ ਸੱਕੀਏ। ਸੋ ਵਿਹਲੜਾਂ ਦੀਆਂ ਗੋਗੜਾਂ ਅਤੇ ਰਾਜਨੀਤਕ ਪ੍ਰਬੰਧਕਾਂ ਦੀਆਂ ਅੰਨੇਵਾਹ ਗੋਲਕਾਂ ਭਰਨੀਆਂ ਸਿਆਣਪ ਨਹੀਂ ਸਗੋਂ ਲੋਕ ਦਿਖਾਵਾ, ਆਰਥਿਕ ਉਜਾੜਾ, ਅਗਿਆਨਤਾ ਅਤੇ ਮੂਰਖਤਾ ਹੀ ਕਹੀ ਜਾ ਸਕਦੀ ਹੈ। ਇਸ ਲਈ ਸਿੱਖ ਸੰਗਤਾਂ ਨੂੰ ਗ੍ਰਿਹਸਤੀ ਗੁਰੂ ਬਾਬੇ ਦੇ ਪੈਰੋਕਾਰ, ਗ੍ਰਿਹਸਤੀ ਤੇ ਕਿਰਤੀ ਗੁਰਸਿੱਖ ਪ੍ਰਚਾਰਕਾਂ ਤੋਂ ਗੁਰ ਸਿਧਾਂਤਾਂ ਦੀ ਸਿਖਿਆ ਲੈਣੀ ਚਾਹੀਦੀ ਹੈ ਨਾਂ ਕਿ ਗ੍ਰਿਹਸਤ ਤੇ ਕਿਰਤ ਤੋਂ ਭਗੌੜੇ, ਵਿਹਲੜ ਸਾਧਾਂ ਮੱਗਰ ਲੱਗ ਕੇ, ਭਟਕਣਾ ਅਤੇ ਭਰਮ ਭੁਲੇਖਿਆਂ ਦੇ ਛਲਾਵੇ ਜਾਲ ਵਿੱਚ ਫਸੇ ਰਹਿਣਾ ਚਾਹੀਦਾ ਹੈ।

# ਪੰਜਾਬੀਆਂ ਦੇ ਆਪਣੇ ਘਰ 'ਚ ਹੀ ਮਾਤ-ਭਾਸ਼ਾ ਪੰਜਾਬੀ ਨੂੰ ਵੰਗਾਰ ਪਈ

**ਪਟਿਆਲਾ (ਬਿਊਰੋ)-** ਭਾਸ਼ਾ ਵਿਭਾਗ ਪੰਜਾਬ ਦੇ ਵਿਹੜੇ ਵਿੱਚ ਸੂਬੇ ਦੀ ਰਾਜ ਭਾਸ਼ਾ ਪੰਜਾਬੀ ਦੇ ਹੋ ਰਹੇ ਕਥਿਤ ਨਿਰਾਦਰ 'ਤੇ ਪੰਜਾਬ ਸਰਕਾਰ ਵੱਲੋਂ ਧਾਰੀ ਚੁੱਪੀ ਤੋਂ ਪੰਜਾਬੀ ਚਿੰਤਕ ਹੀ ਨਹੀਂ ਬਲਕਿ ਆਮ ਲੋਕ ਵੀ ਹੈਰਾਨ ਹਨ। ਉਧਰ, ਸੂਬਾ ਸਰਕਾਰ ਦੀ ਕਥਿਤ ਸ਼ਹਿ 'ਤੇ ਭਾਸ਼ਾ ਵਿਭਾਗ ਪੰਜਾਬ ਵੀ ਪੰਜਾਬੀ ਖ਼ਿਲਾਫ਼ ਉੱਠੇ ਇਸ ਮਸਲੇ ਨੂੰ ਆਮ ਵਰਤਾਰਾ ਦੱਸਣ ਲੱਗਾ ਹੈ। ਭਾਸ਼ਾ ਵਿਭਾਗ ਪੰਜਾਬ ਦੀ ਡਾਇਰੈਕਟਰ ਨੇ ਅੱਜ ਦੁਹਰਾਇਆ ਕਿ ਹਿੰਦੀ ਦਿਵਸ ਸਮਾਰੋਹ ਦੌਰਾਨ ਅਜਿਹਾ ਕੁਝ ਵੀ ਨਹੀਂ ਵਾਪਰਿਆ ਜਿਸ ਦਾ ਕੋਈ ਵਿਭਾਗੀ ਨੋਟਿਸ ਲਿਆ ਜਾਵੇ। ਅਧਿਕਾਰੀਆਂ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਨੇ ਵੀ ਇਸ ਮਸਲੇ ਬਾਰੇ ਕੋਈ ਵਧੀਕ ਜਾਣਕਾਰੀ ਲੈਣੀ ਮੁਨਾਸਿਬ ਨਹੀਂ ਸਮਝੀ।

ਦੱਸਣਾ ਬਣਦਾ ਹੈ ਕਿ ਭਾਸ਼ਾ ਵਿਭਾਗ ਵੱਲੋਂ ਲੰਘੇ ਦਿਨੀਂ ਮਨਾਏ ਗਏ ਰਾਜ ਪੱਧਰੀ ਹਿੰਦੀ ਸਮਾਰੋਹ ਦੌਰਾਨ ਮੰਚ 'ਤੇ ਬੈਠੇ ਸਾਹਿਤਕਾਰਾਂ ਦਰਮਿਆਨ ਭਾਸ਼ਾਈ ਵਖਰੇਵੇਂ ਨੂੰ ਲੈ ਕੇ ਤਲਖ਼ੀ ਪੈਦਾ ਹੋ ਗਈ ਸੀ। ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਪ੍ਰਧਾਨ ਡਾ. ਤੇਜਵੰਤ ਮਾਨ ਨੇ ਜਦੋਂ ਮਾਂ-ਬੋਲੀ ਪੰਜਾਬੀ ਦੀ ਪੈਰਵੀ ਕੀਤੀ ਤਾਂ ਉਸ ਮੌਕੇ ਮਾਈਕ ਬੰਦ ਕਰ ਦਿੱਤਾ ਗਿਆ ਤੇ ਉਨ੍ਹਾਂ ਨੂੰ ਮੰਚ ਤੋਂ ਹਟਣ ਲਈ ਮਜਬੂਰ ਕਰ ਦਿੱਤਾ ਗਿਆ। ਇਸ ਸਬੰਧੀ ਵਾਇਰਲ ਹੋਈ ਵੀਡੀਓ ਵਿੱਚ ਡਾ. ਮਾਨ ਪੰਜਾਬੀ ਕੁਝ ਹਿੰਦੀ ਲੇਖਕਾਂ ਦਾ ਸਾਹਮਣਾ ਕਰਦੇ ਨਜ਼ਰ ਆ ਰਹੇ ਹਨ। ਵੀਡੀਓ 'ਚ ਉਹ ਹਿੰਦੀ ਸਾਹਿਤਕਾਰਾਂ ਨੂੰ ਸਪੱਸ਼ਟ ਕਰ ਰਹੇ ਹਨ ਕਿ ਪੰਜਾਬ ਵਿੱਚ ਜਿਹੜਾ ਵੀ ਹਿੰਦੀ ਸਾਹਿਤ ਲਿਖਿਆ ਜਾਵੇ, ਉਸ ਉੱਤੇ ਪੰਜਾਬੀ ਦੀ ਪੁੱਠ ਚੜ੍ਹਨੀ





ਚਾਹੀਦੀ ਹੈ।

ਡਾ. ਮਾਨ ਦੇ ਪੰਜਾਬੀ ਪ੍ਰਤੀ ਵਿਖਾਏ ਹੌਸਲੇ ਦੀ ਪੰਜਾਬ ਖਾਸ ਕਰ ਕੇ ਪੰਜਾਬੀ ਲੇਖਕ ਸੱਥਾਂ 'ਚ ਵੱਡੀ ਚਰਚਾ ਛਿੜੀ ਹੋਈ ਹੈ। ਇਸ ਮਾਮਲੇ ਨੂੰ ਲੈ ਕੇ ਪੰਜਾਬੀ ਲੇਖਕ ਤੇ ਆਮ ਲੋਕ ਇਕਜੁੱਟ ਹੁੰਦੇ ਨਜ਼ਰ ਆ ਰਹੇ ਹਨ। ਸੋਸ਼ਲ ਮੀਡੀਆ ਵਿੱਚ ਆਰ ਐੱਸ ਐੱਸ ਦੇ ਏਜੰਡੇ ਤੋਂ ਪੰਜਾਬੀ ਨੂੰ ਬਚਾਉਣ ਦਾ ਹੋਕਾ ਵੀ ਗੂੰਜਣ ਲੱਗਿਆ ਹੈ। ਹੈਰਾਨੀ ਦੀ ਗੱਲ ਹੈ ਕਿ ਪੰਜਾਬੀ ਦੇ ਹੱਕ ਵਿੱਚ ਜਿੱਥੇ ਪੰਜਾਬ ਦੀ ਆਵਾਮ ਉੱਠ ਖੜ੍ਹਿਆ ਹੈ, ਉਥੇ ਪੰਜਾਬ ਸਰਕਾਰ ਹਾਲੇ ਵੀ ਸੁੱਤੀ ਪਈ ਹੈ। 'ਰਾਜ ਭਾਸ਼ਾ ਸੋਧ ਐਕਟ 2008' ਰਾਜ ਭਾਸ਼ਾ ਪੰਜਾਬੀ ਦੀ ਸ਼ਾਨ ਬਹਾਲੀ ਪ੍ਰਤੀ ਪੰਜਾਬ ਸਰਕਾਰ ਨੂੰ ਪਾਬੰਦ ਕਰਦਾ ਹੈ। ਸੂਤਰ ਦੱਸਦੇ ਹਨ ਕਿ ਹਿੰਦੀ ਦਿਵਸ ਦੌਰਾਨ ਭਾਸ਼ਾ ਵਿਭਾਗ ਦੇ ਰੱਖੇ ਪ੍ਰੋਗਰਾਮ ਤੋਂ ਹੀ ਪੰਜਾਬੀ ਪ੍ਰਤੀ ਕਈ ਤਿਰਸਕਾਰ ਭਰੇ ਸ਼ਬਦ ਉਪਜਦੇ ਰਹੇ ਹਨ। ਭਾਸ਼ਾ ਵਿਭਾਗ ਪੰਜਾਬ ਦੀ ਸਮੁੱਚੀ ਅਫ਼ਸਰਸ਼ਾਹੀ ਹੁਣ ਤੱਕ ਵੀ ਮਾਮਲੇ ਨੂੰ ਆਮ ਵਰਤਾਰਾ ਹੀ ਦੱਸ ਰਹੀ ਹੈ। ਕੇਂਦਰੀ ਪੰਜਾਬੀ ਲੇਖਕ ਸਭਾ ਦੇ ਬੁਲਾਰੇ ਤੇ ਭਾਸ਼ਾ ਵਿਭਾਗ ਦੇ ਸਾਬਕਾ ਖੋਜ ਅਫਸਰ ਡਾ. ਭਗਵੰਤ ਸਿੰਘ ਦਾ ਕਹਿਣਾ ਹੈ ਕਿ ਵਿਭਾਗ ਦਾ ਸਮੁੱਚੇ ਮਾਮਲੇ ਉੱਤੇ ਮੂਕ ਦਰਸ਼ਕ ਬਣੇ ਰਹਿਣਾ, ਰਾਜ ਭਾਸ਼ਾ ਐਕਟ ਦੀ ਜ਼ਿੰਮੇਵਾਰੀ ਤੋਂ ਸਿੱਧੇ ਤੌਰ 'ਤੇ ਮੂੰਹ ਫੇਰਨ ਦੇ ਤੁੱਲ ਹੈ। ਉਨ੍ਹਾਂ ਕਿਹਾ ਕਿ ਸਮਾਗਮ 'ਚ ਆਰਐੱਸਐੱਸ ਪੱਖੀ ਸ਼ਖ਼ਸੀਅਤਾਂ ਨੂੰ ਸੱਦਣ ਸਮੇਤ ਭਾਸ਼ਾ ਵਿਭਾਗ ਦੀ ਉੱਚ ਪੱਧਰੀ ਜਾਂਚ ਕਰਵਾਈ ਜਾਵੇ। ਉੱਘੇ ਸਾਹਿਤਕਾਰ ਬਲਬੀਰ ਜਲਾਲਾਬਾਦੀ ਨੇ ਵੀ ਭਾਸ਼ਾ ਵਿਭਾਗ ਵੱਲੋਂ ਧਾਰੀ ਚੁੱਪੀ ਦੀ ਉੱਚ ਪੱਧਰੀ ਜਾਂਚ ਕਰਵਾਏ ਜਾਣ ਦੀ ਮੰਗ ਕਰਦਿਆਂ ਫ਼ਿਕਰਮੰਦੀ ਜ਼ਾਹਿਰ ਕੀਤੀ ਕਿ ਸੂਬੇ ਦੀ ਰਾਜ ਭਾਸ਼ਾ 'ਭਾਸ਼ਾ ਵਿਭਾਗ' ਦੇ ਵਿਹੜੇ 'ਚ ਹੀ ਸੁਰੱਖਿਅਤ ਨਹੀਂ ਹੈ।

Postal Address of Desh Doaba : 5101 Doe Hollow Pl, Antelope, CA. 95843
The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸ੍ਰੀ ਚਰੰਜੀ ਲਾਲ ਦਾ ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ, ਫਰਿਜ਼ਨੋ ਵਲੋਂ ਸਨਮਾਨ






**ਫਰਿਜ਼ਨੋ–** ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਦੇ ਟਰੱਸਟੀ ਸ੍ਰੀ ਚਰੰਜੀ ਲਾਲ ਇਨ੍ਹਾਂ ਦਿਨਾਂ ਵਿਚ ਕੈਲੇਫੋਰਨੀਆ ਆਏ ਹੋਏ ਹਨ। ਫਰਿਜ਼ਨੋ ਵਿਚ ਉਨ੍ਹਾਂ ਨੂੰ ਜੀ ਆਇਆਂ ਕਹਿਣ ਦੇ ਲਈ ਲੰਘੀ ਸ਼ਾਮ ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਦੇ ਸੱਦੇ ਤੇ ਇਕ ਇਕੱਤਰਤਾ ਬੁਲਾਈ ਗਈ। ਸਭਾ ਦੇ ਸ਼ੁਰੂ ਵਿਚ ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਦੇ ਸਰਪ੍ਰਸਤ ਮੈਂਬਰ ਗੁਰਦੀਪ ਸਿੰਘ ਅਣਖੀ ਨੇ ਸ੍ਰੀ ਚਰੰਜੀ ਲਾਲ ਨੂੰ ਜੀ ਆਇਆ ਆਖਦਿਆਂ, ਫੋਰਮ ਦੇ ਮੈਂਬਰਾਂ, ਹਮਦਰਦਾ ਅਤੇ ਹੋਰ ਸਜਣਾ ਦਾ ਧੰਨਵਾਦ ਕੀਤਾ ਜੋ ਕਾਹਲੀ ਨਾਲ ਬੁਲਾਈ ਇਸ ਸ਼ਾਮ ਵਿਚ ਸ਼ਾਮਲ ਹੋਏ। ਉਨ੍ਹਾਂ ਨੇ ਸ੍ਰੀ ਚਰੰਜੀ ਲਾਲ ਜੀ ਦੀ ਗਦਰ ਪਾਰਟੀ ਅਤੇ ਹੋਰ ਲੋਕ ਲਹਿਰਾਂ ਦੇ ਇਤਿਹਾਸ ਨੂੰ ਖੋਜਣ, ਪਰਖਣ ਅਤੇ ਸਾਂਭਣ ਵਿਚ ਉਨ੍ਹਾਂ ਦੀ ਲਗਨ ਅਤੇ ਲਗਾਤਾਰ ਕੰਮ ਦੀ ਤਾਰੀਫ਼ ਕੀਤੀ। ਸ੍ਰੀ ਚਰੰਜੀ ਲਾਲ ਹੁਣਾਂ ਨੇ ਬੋਲਦਿਆਂ ਕਿਹਾ ਕਿ ਉਹ ਅਮਰੀਕਾ ਵਿਚ ਸੱਤ ਸਮੁੰਦਰੋਂ ਪਾਰ ਗਦਰ ਪਾਰਟੀ ਦੀ ਇਸ ਕਰਮ ਭੂਮੀ ਵਿਚ ਪਹੁੰਚ ਕੇ ਅਤੀ ਭਾਵਕ ਅਤੇ ਖੁਸ਼ ਹੋਏ ਹਨ। ਉਹਨਾਂ ਨੇ ਗਦਰੀ ਬਾਬਿਆਂ ਵਲੋਂ ਹੋਂਦ ਵਿਚ ਲਿਆਂਦੀ ਇਸ ਸੰਸਥਾ, ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੀਆ ਪ੍ਰਾਪਤੀਆਂ ਬਾਰੇ ਗਲ ਕਰਦਿਆਂ ਕਿਹਾ ਅੱਜ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ ਸਥਾਪਤ ਰੀਸਰਚ ਲਾਇਬ੍ਰੇਰੀ ਪੰਜਾਬ ਦੀਆਂ ਤਿੰਨੇ ਯੂਨੀਵਰਸਿਟੀਆਂ ਵਲੋਂ ਮਾਨਤਾ ਪ੍ਰਾਪਤ ਹੈ ਅਤੇ ਇਥੋਂ ਸੈਂਕੜੇ ਵਿਦਿਆਰਥੀ ਪੀ ਐਚ ਡੀ ਅਤੇ ਐਮ ਫਿਲ ਦੀਆਂ ਡਿਗਰੀਆਂ ਸੰਪੰਨ ਕਰ ਚੁੱਕੇ ਹਨ।

ਉਨ੍ਹਾਂ ਨੇ ਹਰ ਸਾਲ ਨਵੰਬਰ ਮਹੀਨੇ ਵਿਚ ਹੋਣ ਵਾਲੇ ਮੇਲੇ ਬਾਰੇ ਮਾਣ ਨਾਲ ਕਿਹਾ ਕਿ ਅੱਜ ਇਹ ਮੇਲੇ ਪੂਰੇ ਪੰਜਾਬ ਅਤੇ ਭਾਰਤ ਦੀ ਅਗਾਂਹਵਧੂ ਲਹਿਰਾਂ ਦੇ ਲਈ ਚਾਨਣ ਮੁਨਾਰਾ ਬਣਿਆ ਹੈ ਜਿਸ ਤੋਂ ਲੋਅ ਅਤੇ ਪਰੇਰਨਾ ਲੈ ਕੇ ਉਹ ਲੋਕ ਮਸਲਿਆ ਨੂੰ ਹਲ਼ ਕਰਨ ਲਈ ਅਤੇ ਵੱਧ ਰਹੇ ਹਨ। ਉਨ੍ਹਾਂ ਨੇ ਇਸ ਮੌਕੇ ਤੇ ਕਿਤਾਬਾਂ ਦੀ ਰਿਕਾਰਡ ਸੇਲ ਬਾਰੇ ਵੀ ਦੱਸਿਆ। ਉਨ੍ਹਾਂ ਕਿਹਾ ਕਿ ਭਾਂਵੇ ਉਹ ਕਦੀ ਕਾਲਜ ਵਿਦਿਆ ਪ੍ਰਾਪਤ ਨਹੀਂ ਕਰ ਸਕੇ ਪਰ ਗਦਰੀ ਬਾਬਿਆਂ ਦੇ ਸਾਥ ਅਤੇ ਪਰੇਰਨਾ ਸਦਕਾ ਉਨ੍ਹਾਂ ਨੂੰ ਇਸ ਮਹਾਨ ਲਹਿਰ ਦੇ ਇਤਿਹਾਸ ਨੂੰ ਘੋਖਣ ਅਤੇ ਲਿਖਣ ਦੀ ਚਿਣਗ ਲਗੀ ਅਤੇ ਉਹ ਹੁਣ ਤੱਕ 18 ਕਿਤਾਬਾਂ ਲਿਖ ਚੁੱਕੇ ਹਨ ਜਿਨ੍ਹਾਂ ਵਿਚ ਬਾਬਾ ਜਵਾਲਾ ਸਿੰਘ ਠੱਠੀਆਂ, ਬਾਬਾ ਭਗਵਾਨ ਸਿੰਘ ਦੁਸਾਂਝ, ਬਾਬਾ ਕਿਰਪਾਲ ਸਿੰਘ ਕਸੇਲ ਅਤੇ ਪੰਡਤ ਕਿਸ਼ੋਰੀ ਲਾਲ ਬਾਰੇ ਕਿਤਾਬਾਂ ਸ਼ਾਮਲ ਹਨ। ਪੰਡਤ ਕਿਸ਼ੋਰੀ ਲਾਲ ਸ਼ਹੀਦ ਭਗਤ ਸਿੰਘ ਦੇ ਸਾਥੀ ਸਨ, ਜਿਨ੍ਹਾਂ ਨੂੰ ਉਮਰ ਘੱਟ ਹੋਣ ਕਾਰਨ ਉਮਰ ਕੈਦ ਦੀ ਸਜ਼ਾ ਹੋਈ ਸੀ। ਬਾਬਾ ਜਵਾਲਾ ਸਿੰਘ ਠੱਠੀਆਂ ਬਾਰੇ ਕਿਤਾਬ ਲਿਖਣ ਵੇਲੇ ਦੇ ਆਪਣੇ ਤਜਰਬੇ ਸਾਂਝੇ ਕੀਤੇ ਕਿ ਕਿਸ ਤਰਾਂ ਉਨ੍ਹਾਂ ਨੇ ਵੱਖ ਵੱਖ ਥਾਂਵਾਂ ਵਿਚ ਜਾ ਕੇ ਸਹੀਦਾ ਦੇ ਪਰਿਵਾਰਾਂ ਨਾਲ ਰਾਬਤਾ ਕਾਇਮ ਕੀਤਾ।

ਉਨ੍ਹਾਂ ਨੇ ਬੱਬਰ ਅਕਾਲੀ ਲਹਿਰ ਬਾਰੇ ਖੋਜ ਕਰਦਿਆਂ ਵੱਖ ਵੱਖ ਪਿੰਡਾਂ ਵਿਚ ਜਾ ਕੇ ਆਮ ਲੋਕਾਂ ਨੂੰ ਮਿਲ ਕੇ ਜਾਣਕਾਰੀ ਇਕੱਤਰ ਕੀਤੀ। ਉਨ੍ਹਾਂ ਨੇ ਇਸ ਲਹਿਰ ਵੇਲੇ ਦੀਆਂ ਔਰਤਾਂ ਦੀ ਬਹਾਦਰੀ ਦੀਆਂ ਕਈ ਮਿਸਾਲਾਂ ਸਾਂਝੀਆਂ ਕੀਤੀਆਂ ਕਿ ਕਿਸ ਤਰਾਂ ਔਰਤਾਂ ਨੇ ਨਾ ਸਿਰਫ ਆਪਣੇ ਪਤੀਆਂ ਦੀ ਗੈਰ ਹਾਜ਼ਰੀ ਵਿਚ ਪਰਿਵਾਰ ਪਾਲਣਾ ਲਈ ਸਖ਼ਤ ਘਾਲਣਾ ਕੀਤੀ ਸਗੋਂ ਲੋੜ ਪੈਣ ਤੇ ਆਪਣੇ ਜਵਾਨ ਪੁੱਤਰਾਂ ਨੂੰ ਵੀ ਉਸੇ ਕੁਰਬਾਨੀ ਦੇ ਰਾਹ ਤੋਰ ਦਿੱਤਾ। ਉਨ੍ਹਾਂ ਖਾਹਸ਼ ਜ਼ਾਹਿਰ ਕੀਤੀ ਕਿ ਅਜਿਹਾ ਇਤਿਹਾਸ ਲੋਕਾਂ ਦੇ ਸਾਹਮਣੇ ਆਉਣਾ ਚਾਹੀਦਾ ਹੈ।

ਉਨ੍ਹਾਂ ਨੇ ਇਸ ਗੱਲ ਤੇ ਵੀ ਅਸ਼ੰਤੁਸਟੀ ਪ੍ਰਗਟਾਈ ਕਿ ਗਦਰ ਪਾਰਟੀ ਦੇ ਸੱਦੇ ਤੇ ਵਿਦੇਸ਼ਾਂ ਵਿਚੋਂ ਭਾਰਤ ਲਈ ਤੁਰੇ 8000 ਗਦਰੀ ਸੂਰਬੀਰਾਂ ਵਿਚੋਂ ਬਹੁਤਿਆਂ ਦੀ ਜਿੰਦਗੀ ਅਤੇ ਸੰਘਰਸ਼ ਬਾਰੇ ਅਸੀਂ ਅੱਜ ਵੀ ਅਣਜਾਣ ਹਾਂ। ਉਨ੍ਹਾਂ ਨੇ ਕਿਹਾ ਕਿ ਇਤਿਹਾਸ ਦੇ ਇਨ੍ਹਾਂ ਪੱਖਾ ਨੂੰ ਸਾਹਮਣੇ ਲਿਆਉਣ ਲਈ ਹੋਰ ਲੇਖਕਾ ਨੂੰ ਅਤੇ ਇਤਿਹਾਸ ਦੇ ਖੋਜੀਆਂ ਨੂੰ ਇਸ ਕਾਰਜ ਵੱਲ ਪਰੇਰਨਾ ਚਾਹੀਦਾ ਹੈ।

ਸ੍ਰੀ ਚਰੰਜੀ ਲਾਲ ਹੁਣਾਂ ਦੇ ਬੋਲਣ ਤੋਂ ਬਾਅਦ ਸਵਾਲ ਜਵਾਬ ਦੇ ਰੂਪ ਵਿਚ ਗੱਲਬਾਤ ਨੂੰ ਅੱਗੇ ਵਧਾਉਂਦਿਆਂ ਡਾ ਗੁਰੂਮੇਲ ਸਿੱਧੂ ਨੇ ਦੇਸ਼ ਭਗਤ ਯਾਦਗਾਰ ਕਮੇਟੀ ਵਲੋਂ ਗਦਰ ਲਹਿਰ ਦੇ ਇਤਿਹਾਸ ਨਾਲ ਸਬੰਧਿਤ ਕਿਤਾਬਾਂ ਅੰਗਰੇਜ਼ੀ, ਹਿੰਦੀ ਅਤੇ ਹੋਰ ਭਾਸ਼ਾਵਾਂ ਵਿਚ ਛਪਵਾਉਣ ਦੀ ਮੰਗ ਕੀਤੀ। ਉਨ੍ਹਾਂ ਨੇ ਚਰੰਜੀ ਲਾਲ ਹੁਣਾਂ ਦੇ ਆਮ ਲੋਕਾਂ ਨਾਲ ਜੁੜਨ ਅਤੇ ਉਸ ਵਿਚੋਂ ਇਤਿਹਾਸਿਕ ਤੱਥ ਕਸ਼ੀਦ ਕਰਨ ਦੇ ਕੰਮ ਦੀ ਸਰਾਹੁਣਾ ਵੀ ਕੀਤੀ।

ਇਸੇ ਗੱਲ ਬਾਤ ਵਿਚ ਅੰਮ੍ਰਿਤਸਰ ਟਾਇਮਜ਼ ਅਖ਼ਬਾਰ ਦੇ ਐਡੀਟਰ ਦਲਜੀਤ ਸਰਾਂ ਅਤੇ ਪ੍ਰਸਿੱਧ ਸ਼ਾਇਰ ਹਰਜਿੰਦਰ ਕੰਗ ਅਤੇ ਕਹਾਣੀਕਾਰ ਕਰਮ ਸਿੰਘ ਮਾਨ ਨੇ ਵੀ ਉਸਾਰੂ ਯੋਗਦਾਨ ਪਾਇਆ। ਦੇਸ਼ ਦੁਆਬਾ ਅਖ਼ਬਾਰ ਦੇ ਐਡੀਟਰ ਸ੍ਰੀ ਪ੍ਰੇਮ ਚੁੰਬਰ ਨੇ ਸ੍ਰੀ ਚਰੰਜੀ ਲਾਲ ਦਾ ਇਥੇ ਆਉਣ ਅਤੇ ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਫਰਿਜ਼ਨੋ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਗਦਰ ਪਾਰਟੀ ਨਾਲ ਸਬੰਧਿਤ ਸਾਹਿਤ ਨੂੰ ਲੋਕਾਂ ਤੱਕ ਪਹੁੰਚਾਉਣ ਦੀ ਆਪਣੀ ਅਖ਼ਬਾਰ ਦੀ ਵਚਨ ਬੱਧਤਾ ਨੂੰ ਦੁਹਰਾਇਆ।

ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਦੇ ਸੈਕਟਰੀ ਸੁਰਿੰਦਰ ਮੰਡਾਲੀ ਨੇ ਸ੍ਰੀ ਚਰੰਜੀ ਲਾਲ ਨੂੰ ਅਪੀਲ ਕੀਤੀ ਕਿ ਉਹ ਦੇਸ਼ ਭਗਤ ਯਾਦਗਾਰ ਕਮੇਟੀ ਵਲੋਂ ਦੇਸ਼ ਭਗਤਾਂ ਦੀ ਜ਼ਿੰਦਗੀ ਦੇ ਛੋਟੇ ਲੇਖ ਲਿਖਵਾਉਣ ਜਿਨ੍ਹਾਂ ਨੂੰ ਬੱਚਿਆਂ ਨੂੰ ਸਪੀਚ ਮੁਕਾਬਲਿਆਂ ਲਈ ਮੁਹੱਈਆ ਕਰਵਾਇਆ ਜਾ ਸਕੇ। ਅਖੀਰ ਵਿਚ ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਵਲੋਂ ਸ੍ਰੀ ਚਰੰਜੀ ਲਾਲ ਜੀ ਨੂੰ ਪਲੈਕ ਅਤੇ ਸ਼ਾਲ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਸੁਰਿੰਦਰ ਮੰਢਾਲੀ ਜੀ ਨੇ ਸਾਰੇ ਪਹੁੰਚੇ ਹੋਏ ਦੋਸਤਾਂ ਦਾ ਧੰਨਵਾਦ ਕੀਤਾ।






ਪੰਜਾਬ ਪ੍ਰਦੇਸ਼ ਦੇ ਸਮਾਜਿਕ ਆਗੂਆਂ ਅਤੇ ਸੰਤਾਂ ਮਹਾਂਪੁਰਸ਼ਾਂ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਸਨਮਾਨ ਲਈ ਬਣਾਈ ਗਈ ਬਹੁਜਨ ਫਰੰਟ ਵੱਲੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਦਿੱਲੀ ਤੁਗਲਕਾਬਾਦ ਵਿਖੇ ਢਾਹੇ ਗਏ ਪਵਿੱਤਰ ਇਤਿਹਾਸਕ ਅਸਥਾਨ ਦੇ ਵਿਰੋਧ ਵਿਚ ਅਤੇ 21 ਅਗਸਤ 2019 ਨੂੰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਅਸਥਾਨ ਨੂੰ ਸਤਿਕਾਰ ਸਹਿਤ ਮੁੜ ਉਸਾਰਨ ਲਈ ਦਿੱਲੀ ਵਿਖੇ ਕੀਤੇ ਗਏ ਅੰਦੋਲਨ ਵਿਚ ਝੂਠੇ ਪਰਚੇ ਪਾ ਕੇ 96 ਬਹੁਜਨ ਸਾਥੀਆਂ ਨੂੰ ਰਿਹਾਅ ਕਰਵਾਉਣ ਲਈ ਅਤੇ ਮਿਸ਼ਨਰੀ ਸਾਥੀ ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ ਜੀ ਤੇ ਦੇਸ਼ ਧਰੋਹ ਦਾ ਪਰਚਾ ਰੱਦ ਕਰਵਾਉਣ ਲਈ ਜਲੰਧਰ ਡੀ. ਸੀ. ਦਫਤਰ ਦੇ ਸਾਹਮਣੇ ਇਹਨਾਂ ਸਾਰੀਆਂ ਮੰਗਾਂ ਨੂੰ ਮਨਾਉਣ ਲਈ 2 ਸਤੰਬਰ ਤੋਂ 13 ਸਤੰਬਰ ਤੱਕ ਭੁੱਖ ਹੜਤਾਲ ਅਤੇ ਰੋਸ ਧਰਨਾ ਲਾਇਆ ਗਿਆ। ਜਿਸ ਦੇ ਅੰਤਿਮ ਦਿਨ 13 ਸਤੰਬਰ ਨੂੰ ਬਹੁਜਨ ਫਰੰਟ ਵੱਲੋਂ ਮੰਗ ਪੱਤਰ ਡੀ. ਸੀ. ਦੁਆਰਾ ਨਾ ਲੈਣ ਤੇ ਬਹੁਜਨ ਫਰੰਟ ਵੱਲੋਂ ਬੀ. ਐਮ. ਸੀ. ਚੌਂਕ ਜਾਮ ਕੀਤਾ ਗਿਆ। ਇਸ ਘਟਨਾ ਨੂੰ ਤਣਾਅਪੂਰਨ ਹੁੰਦੇ ਦੇਖ ਜਲੰਧਰ ਡੀ. ਸੀ. ਵੱਲੋਂ ਮੌਕੇ ਤੇ ਪਹੁੰਚ ਕੇ ਮੰਗ ਪੱਤਰ ਲੈ ਲਿਆ ਗਿਆ ਅਤੇ ਡੀ. ਸੀ. ਨੇ ਬਹੁਜਨ ਫਰੰਟ ਨੂੰ ਇਹ ਭਰੋਸਾ ਵੀ ਦਿਵਾਇਆ ਕਿ ਉਹਨਾਂ ਦੀਆਂ ਸਾਰੀਆਂ ਮੰਗਾਂ ਕੇਂਦਰ ਅਤੇ ਪੰਜਾਬ ਸਰਕਾਰ ਤੱਕ ਪਹੁੰਚਾਈਆਂ ਜਾਣਗੀਆਂ।

# ਚੈਂਬਰ ਵੱਲੋਂ ਗਦਰੀਆਂ ਦੇ ਇਤਿਹਾਸਕ ਖੋਜੀ ਚਰੰਜੀ ਲਾਲ ਕੰਗਣੀਵਾਲ ਦਾ ਸਨਮਾਨ

**ਸੈਕਰਾਮੈਂਟੋ (ਕਮਲ ਬੰਗਾ)–** ਜਿੱਥੇ ਇੰਡਸ ਵੈਲੀ ਅਮਰੀਕਨ ਚੈ ਆਫ ਕਾਮਰਸ ਕਈ ਸਾਲਾਂ ਤੋਂ ਛੋਟੇ ਬਿਜਨਸ, ਬੈਂਕਾਂ, ਭਾਈਚਾਰਕ ਤੇ ਸਭਿਆਚਾਰਕ ਜਥੇਬੰਦੀਆਂ ਨੂੰ ਪ੍ਰਮੋਟ ਕਰਦਾ ਹੈ, ਉਸ ਦੇ ਨਾਲ ਨਾਲ ਕਮਿਊਨਿਟੀ ਵੱਲੋਂ ਵੱਖ-ਵੱਖ ਖੇਤਰਾਂ 'ਚ ਵਧੀਆ ਯੋਗਦਾਨ ਪਾਉਣ ਵਾਲਿਆਂ ਦਾ ਵੀ ਸਨਮਾਨ ਕਰਦਾ ਹੈ। ਬੀਤੇ ਵੀਰਵਾਰ ਦੀ ਸ਼ਾਮ ਨੂੰ ਐਲਕ ਗਰੋਵ ਦੇ ਇੰਡੀਆ ਕਿਚਨ ਰੈਸਟੋਰੈਂਟ ਵਿਚ ਗਦਰੀ ਬਾਬਿਆਂ ਦੇ ਇਤਿਹਾਸਕ ਖੋਜੀ ਚਰੰਜੀ ਲਾਲ ਕੰਗਣੀਵਾਲ, ਟਰੱਸਟੀ ਦੇਸ਼ ਭਗਤ ਯਾਦਗਾਰ ਜਲੰਧਰ ਨੂੰ, ਬਤੌਰ ਮੁੱਖ ਮਹਿਮਾਨ ਡਿਨਰ ਪਾਰਟੀ ਦਿੱਤੀ। ਇਸ ਵਿਚ ਇਲਾਕੇ ਦੀਆਂ ਜਥੇਬੰਦੀਆਂ ਜਿਵੇਂ ਇੰਡੋ ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਸੈਕਰਾਮੈਂਟੋ, ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਸੈਕਰਾਮੈਂਟੋ, ਸੀਨੀਅਰਜ਼( ਅਮਰੀਕਨ ਸਿਟੀਜਨ ਗਰੁੱਪ ਸੈਕਰਾਮੈਂਟੋ ਤੋਂ ਇਲਾਵਾ ਡਾਕਟਰਾਂ, ਕਲਾਕਾਰਾਂ ਤੇ ਸ਼ਾਇਰਾਂ ਨੇ ਸ਼ਿਰਕਤ ਕੀਤੀ। ਜਥੇਬੰਦੀਆਂ ਦੇ ਆਗੂਆਂ ਨੇ ਆਪਣੇ ਵਿਚਾਰ ਵੀ ਪੇਸ਼ ਕੀਤੇ।

ਸ੍ਰੀ ਚਰੰਜੀ ਲਾਲ ਕੰਗਣੀਵਾਲ ਨੇ ਵੀ ਇਤਿਹਾਸਕ ਭਾਸ਼ਣ ਦਿੱਤਾ ਤੇ ਨਾਲ ਇਹ ਵੀ ਕਿਹਾ ਕਿ ਉਸ ਨੇ ਗਦਰੀਆਂ ਬਾਰੇ 12 ਕਿਤਾਬਾਂ ਲਿਖੀਆਂ ਹਨ, ਜਿਹਨਾਂ ਨੂੰ ਪੜ੍ਹ ਕੇ ਸੈਂਕੜੇ ਵਿਦਿਆਰਥੀ ਪੀ. ਐਚ. ਡੀ. ਦੀ ਡਿਗਰੀ ਵੀ ਲੈ ਚੁੱਕੇ ਹਨ। ਇਕ ਗੌਰਵਮਈ ਉਪਰਾਲੇ ਦੀ ਇਤਿਹਾਸ ਵਿਚ ਪਛਾਣ ਬਣੀ ਰਹੇਗੀ। ਇਸ ਦੇ ਨਾਲ ਹੀ ਡਾ. ਪਰਮਜੀਤ ਤੱਖੜ, ਡਾ. ਗੁੱਡੀ ਤੱਖੜ, ਪ੍ਰੋ. ਮੁਖਤਿਆਰ ਸਿੰਘ ਬਰਾੜ ਤੇ ਸੀਨੀਅਰਜ਼ ਗਰੁੱਪ ਨੇ ਚੰਰਜ਼ੀ ਲਾਲ ਨੂੰ ਕੁਝ ਮਾਇਆ ਵੀ ਪ੍ਰਦਾਨ ਕੀਤੀ ਤੇ ਨਾਲ ਸਨਮਾਨ ਚਿੰਨ੍ਹ ਭੇਂਟ ਕੀਤਾ। ਤਾੜੀਆਂ ਦੀ ਗੂੰਜ ਵਿਚ ਚੰਰਜੀ ਲਾਲ ਖੁਸ਼ੀ ਨਾਲ ਦਗ-ਦਗ ਹੋ ਗਏ। ਪਹਿਲਾ ਗੀਤ ਮਨਜੀਤ ਰੱਲ੍ਹ ਨੇ ਭਗਤ ਸਿੰਘ ਨਾਂ ਤੇ ਗਾ ਕੇ ਵਾਹਵਾ ਖੱਟੀ ਤੇ ਬਾਕੀ ਕਲਾਕਾਰਾਂ ਤੇ ਸ਼ਾਇਰਾਂ ਨੇ ਵੀ ਸੋਹਣਾ ਰੰਗ ਬੰਨ੍ਹਿਆ।



ਇਹਨਾਂ ਤੋਂ ਇਲਾਵਾ ਚੈਂਬਰ ਦੇ ਟਰੱਸਟੀ ਜੇ. ਪੀ. ਸਿੰਘ, ਪ੍ਰਮਿੰਦਰ ਸੁੱਖ, ਮਨਜੀਤ ਸਿਬੀਆ, ਡਾ. ਪਰਦੇਸ ਖਾਨ, ਦਿਲਵੀਰ ਨਿੱਜਰ, ਸੁਰਿੰਦਰ ਸਿੰਘ ਬਿੰਦਰਾ, ਮੇਜਰ ਭੁਪਿੰਦਰ ਦਲੇਰ, ਕੇਵਲ ਬੋਲੀਨਾ, ਸਪੇਸ ਸਾਇੰਸਦਾਨ ਸ਼ਰਮਾ ਜੀ, ਬਿੱਕਰ ਸਿੰਘ ਮਾਨ, ਅਵਤਾਰ ਡੌਡ ਤੇ ਸਤਬੀਰ ਡੌਡ, ਪਰਮ੍ਰਪੀਤ ਬਿੰਦਰਾ ਅਟਾਰਨੀ, ਕਮਲ ਬੰਗਾ, ਤਰਲੋਚਨ ਸਿੰਘ, ਗਵਰਧਨ ਆਦਿ ਤੋਂ ਇਲਾਵਾ ਚੈਂਬਰ ਦੇ ਜਨਰਲ ਸੈਕਟਰੀ ਸੁਖਚੈਨ ਸਿੰਘ, ਰਾਠੀ ਸੂਰਾਪੁਰੀ।

ਸਟੇਜ ਦੀ ਕਾਰਵਾਈ ਸੁਖਚੈਨ ਸਿੰਘ ਨੇ ਨਿਭਾਈ ਅਤੇ ਜੋਤੀ ਸਿੰਘ ਨੇ ਸਾਥ ਦਿੱਤਾ। ਸਰਪੰਚ ਜਰਨੈਲ ਸਿੰਘ ਤੇ ਚੈਂਬਰ ਦੇ ਵਾਈਸ ਪ੍ਰਧਾਨ ਦਲਜੀਤ ਸਿੰਘ ਸੰਧੂ ਨੇ ਸਾਰਿਆਂ ਦਾ ਧੰਨਵਾਦ ਕੀਤਾ। ਇਹ ਚਾਰ ਕੁ ਘੰਟੇ ਦੀ 50-45 ਮਹਾਨ ਸ਼ਖਸੀਅਤਾਂ ਦੀ ਸਾਂਝੀ ਆਨੰਦਮਈ ਸ਼ਾਮ ਬਣੀ।

# ਪੰਜਾਬ ਦੇ ਚਾਰ ਵਿਧਾਨ ਸਭਾ ਹਲਕਿਆਂ ਵਿਚ ਜ਼ਿਮਨੀ ਚੋਣਾਂ ਦਾ ਰਾਹ ਪੱਧਰਾ

ਚੰਡੀਗੜ੍ਹ– ਪੰਜਾਬ ਦੇ ਚਾਰ ਵਿਧਾਨ ਸਭਾ ਹਲਕਿਆਂ ਵਿਚ ਜ਼ਿਮਨੀ ਚੋਣਾਂ ਦਾ ਰਾਹ ਪੱਧਰਾ ਹੋ ਗਿਆ ਹੈ। ਹਰਿਆਣਾ ਵਿਧਾਨ ਸਭਾ ਦੀਆਂ ਅਕਤੂਬਰ ਵਿਚ ਹੋਣ ਵਾਲੀਆਂ ਚੋਣਾਂ ਦੇ ਨਾਲ ਹੀ ਪੰਜਾਬ ਦੇ ਚਾਰ ਹਲਕਿਆਂ ਵਿਚ ਚੋਣਾਂ ਹੋਣ ਦੀ ਸੰਭਾਵਨਾ ਬਣੀ ਹੋਈ ਹੈ। ਵੀਰਵਾਰ ਨੂੰ ਚੋਣ ਕਮਿਸ਼ਨ ਵੱਲੋਂ ਜ਼ਿਮਨੀ ਚੋਣਾਂ ਦਾ ਐਲਾਨ ਕੀਤੇ ਜਾਣ ਦੀ ਚਰਚਾ ਸੱਤਾ ਦੇ ਗਲਿਆਰਿਆਂ ਵਿਚ ਚੱਲ ਰਹੀ ਹੈ।

ਦੱਸਿਆ ਜਾਂਦਾ ਹੈ ਕਿ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਨੂੰ ਲੈ ਕੇ ਭਾਜਪਾ ਪੂਰੀ ਤਰ੍ਹਾਂ ਸਰਗਰਮ ਹੈ। ਸੂਤਰ ਦੱਸਦੇ ਹਨ ਕਿ ਹਰਿਆਣਾ ਸਰਕਾਰ ਨੇ ਚੋਣ ਕਮਿਸ਼ਨ ਨੂੰ ਚੋਣਾਂ ਕਰਵਾਉਣ ਲਈ ਪੂਰੀ ਤਿਆਰ ਹੋਣ ਬਾਰੇ ਸੂਚਿਤ ਕਰ ਦਿੱਤਾ ਹੈ। ਇਸ ਤਰ੍ਹਾਂ ਵੀਰਵਾਰ ਨੂੰ ਚੋਣਾਂ ਦਾ ਐਲਾਨ ਹੋਣ ਦੀਆਂ ਸੰਭਾਵਨਾ ਹੈ।

ਪੰਜਾਬ 'ਚ ਦੂਜੀ ਵਾਰ ਕੈਪਟਨ ਸਰਕਾਰ ਨੂੰ ਜ਼ਿਮਨੀ ਚੋਣ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਤੋਂ ਪਹਿਲਾਂ ਸ਼ਾਹਕੋਟ ਹਲਕੇ ਤੋਂ ਜ਼ਿਮਨੀ ਚੋਣ ਦਾ ਸਾਹਮਣਾ ਕਰਨਾ ਪਿਆ ਸੀ ਅਤੇ ਕਾਂਗਰਸ ਪਾਰਟੀ ਸ਼ਾਹਕੋਟ ਸੀਟ ਅਕਾਲੀ ਦਲ ਤੋਂ ਖੋਹਣ ਵਿਚ ਕਾਮਯਾਬ ਹੋ ਗਈ ਸੀ।

ਇੱਥੇ ਦੱਸਿਆ ਜਾਂਦਾ ਹੈ ਕਿ ਫਗਵਾੜਾ ਅਤੇ ਜਲਾਲਾਬਾਦ ਤੋਂ ਵਿਧਾਇਕ ਸੋਮ ਪ੍ਰਕਾਸ਼ ਅਤੇ ਸੁਖਬੀਰ ਸਿੰਘ ਬਾਦਲ ਵੱਲੋਂ ਲੋਕ ਸਭਾ ਚੋਣਾਂ ਵਿਚ ਜਿੱਤ ਹਾਸਲ ਕਰਨ ਤੋਂ ਬਾਅਦ ਅਸਤੀਫ਼ਾ ਦੇਣ ਕਾਰਨ ਦੋਵੇਂ ਸੀਟਾਂ ਹੋਈਆਂ ਹਨ। ਇਸੇ ਤਰ੍ਹਾ ਦਾਖਾ ਹਲਕੇ ਤੋਂ ਵਿਧਾਇਕ ਐਚ ਐਸ ਫੂਲਕਾ ਨੇ ਬੇਅਦਬੀ ਮਾਮਲਿਆਂ ਵਿਚ ਸਰਕਾਰ ਵੱਲੋਂ ਉਚਿਤ ਕਾਰਵਾਈ ਨਾ ਕੀਤੇ ਜਾਣ ਤੋਂ ਖਫ਼ਾ ਹੋ ਕੇ ਵਿਧਾਇਕ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਫੂਲਕਾ ਨੇ ਵਿਧਾਇਕ ਦੇ ਅਹੁਦੇ ਦੇ ਨਾਲ-ਨਾਲ 'ਆਪ' ਦੀ ਮੁੱਢਲੀ ਮੈਂਬਰਸ਼ਿਪ ਤੋਂ ਵੀ ਅਸਤੀਫ਼ਾ ਦੇ ਦਿੱਤਾ ਸੀ। ਜਦੋਂ ਕਿ ਮੁਕੇਰੀਆਂ ਤੋਂ ਕਾਂਗਰਸੀ ਵਿਧਾਇਕ ਰਜਨੀਸ਼ ਬੱਬੀ ਦੀ ਪਿਛਲੇ ਮਹੀਨੇ ਮੌਤ ਹੋਣ ਕਾਰਨ ਸੀਟ ਖ਼ਾਲੀ ਹੋ ਗਈ ਸੀ। ਵਿਸ਼ੇਸ਼ ਗੱਲ ਹੈ ਕਿ ਖ਼ਾਲੀ ਹੋਈਆਂ ਚਾਰ ਸੀਟਾਂ ਤੋਂ ਕਾਂਗਰਸ, ਅਕਾਲੀ ਦਲ, ਭਾਜਪਾ ਅਤੇ ਆਮ ਆਦਮੀ ਪਾਰਟੀ ਦੇ ਵਿਧਾਇਕ ਜਿੱਤੇ ਹੋਏ ਸਨ। ਜ਼ਿਮਨੀ ਚੋਣਾਂ ਵਿਚ ਇਨ੍ਹਾਂ ਪਾਰਟੀਆਂ ਦਾ ਜੇਤੂ ਸੀਟ ਨੂੰ ਮੁੜ ਜਿੱਤਣਾ ਵੱਕਾਰ ਦਾ ਸਵਾਲ ਹੋਵੇਗਾ।

# ਦੰਦਰਾਲਾ ਢੀਂਡਸਾ ਦੀਆਂ ਵਿਦਿਆਰਥਣਾਂ ਨੇ ਖੇਡਾਂ 'ਚ ਗੋਲਡ ਮੈਡਲ ਜਿੱਤੇ

**ਨਾਭਾ–** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੰਦਰਾਲਾ ਢੀਂਡਸਾ (ਪਟਿਆਲਾ) ਖੇਡਾਂ ਵਿੱਚ ਪਹਿਲਾਂ ਹੀ ਮੱਲ੍ਹਾਂ ਮਾਰ ਰਿਹਾ ਹੈ। ਇਸ ਵਾਰ ਇਸ ਸਕੂਲ ਦੀਆਂ ਵਿਦਿਆਰਥਣਾਂ ਨੇ 65ਵੇਂ ਜਿਲ੍ਹਾ ਪੱਧਰੀ ਟੂਰਨਾਮੈਂਟ ਵਿੱਚ ਤਾਇਕਵਾਂਡੋ ਅੰਡਰ-14 'ਚ ਦੋ ਗੋਲਡ ਅਤੇ ਇੱਕ ਬਰੌਨਜ਼ ਮੈਡਲ,ਜੂਡੋ ਅੰਡਰ-17 ਵਿੱਚ ਦੋ ਗੋਲਡ ਅਤੇ ਚਾਰ ਬਰੌਨਜ਼ ਮੈਡਲ ਜਿੱਤ ਕੇ ਸਕੂਲ ਦਾ ਨਵਾਂ ਰਿਕਾਰਡ ਬਣਾਇਆ ਹੈ ।ਇਸੀ ਤਰ੍ਹਾਂ ਤਾਇਕਵਾਂਡੋ ਅੰਡਰ-17 ਵਿੱਚ ਇੱਕ ਸਿਲਵਰ ਅਤੇ ਪੰਜ ਬਰੌਨਜ਼ ਮੈਡਲ ਹਾਸਿਲ ਕਰਕੇ ਸਕੂਲ ਦਾ ਨਾਂ ਇਲਾਕੇ ਵਿੱਚ ਉੱਚਾ ਕੀਤਾ ਹੈ। ਪ੍ਰਿੰਸੀਪਲ ਸ਼੍ਰੀਮਤੀ ਅਰਚਨਾ ਗੋਇਲ ਦੀ ਸੁਚੱਜੀ ਅਗਵਾਈ ਹੇਠ ਸਪੋਰਟਸ ਇੰਚਾਰਜ ਸ਼੍ਰੀਮਤੀ ਮਨਜਿੰਦਰ ਕੌਰ ਵਲੋਂ ਸਮੂਹ ਸਟਾਫ ਦੇ ਸਹਿਯੋਗ ਨਾਲ ਸਖਤ ਮਿਹਨਤ ਸਦਕਾ ਪ੍ਰੈਕਟਿਸ ਕਰਵਾਕੇ ਸਕੂਲ ਦੀਆਂ ਵਿਦਿਆਰਥਣਾਂ ਨੇ ਇਹ ਮੁਕਾਮ ਹਾਸਿਲ ਕੀਤਾ। ਸਕੂਲ ਵਿਖੇ ਮੈਡਲ ਪ੍ਰਾਪਤ ਕਰਨ ਵਾਲੀਆਂ ਵਿਦਿਆਰਥਣਾਂ ਨੂੰ ਸਕੂਲ ਵਿਖੇ ਪ੍ਰਿੰਸੀਪਲ ਮੈਡਮ ਅਰਚਨਾ ਗੋਇਲ ਅਤੇ ਸਮੂਹ ਸਟਾਫ ਨੇ ਸਵੇਰ ਦੀ ਸਭਾ ਵਿੱਚ ਸਨਮਾਨਿਤ ਕੀਤਾ।



# ਦਲਿਤਾਂ 'ਤੇ ਅਤਿਆਚਾਰ ਕਰਨ ਵਾਲਿਆਂ ਦੇ ਨੱਥ ਪਾਈ ਜਾਵੇ : ਸਮਤਾ ਸੈਨਿਕ ਦਲ



**ਜਲੰਧਰ (ਬਿਊਰੋ)–** ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਯੂਨਿਟ ਪੰਜਾਬ ਦੇ ਸੂਬਾ ਪ੍ਰਧਾਨ ਜਸਵਿੰਦਰ ਵਰਿਆਣਾ ਨੇ ਇਕ ਪ੍ਰੈਸ ਬਿਆਨ ਵਿਚ ਦੱਸਿਆ ਕਿ ਦਲਿਤਾਂ 'ਤੇ ਅੱਤਿਆਚਾਰ ਦਿਨੋਂ ਦਿਨ ਵਧਦੇ ਜਾ ਰਹੇ ਹਨ . ਹਾਲ ਹੀ ਵਿਚ ਉੱਤਰ ਪ੍ਰਦੇਸ਼ ਦੇ ਲਖੀਮਪੁਰ ਖੇੜੀ ਜ਼ਿਲ੍ਹੇ ਵਿੱਚ ਇੱਕ ਨੌਜਵਾਨ ਦਲਿਤ ਅਫਸਰ , ਪਿੰਡ ਦੇ ਵਿਕਾਸ ਅਧਿਕਾਰੀ 'ਤੇ ਇੱਕ ਕਿਸਾਨ ਸੰਗਠਨ ਦੁਆਰਾ ਜਾਤੀਵਾਦੀ ਟਿੱਪਣੀਆਂ ਦੀ ਵਰਤੋਂ ਕਰਨ ਅਤੇ ਕਥਿਤ ਤੌਰ 'ਤੇ ਵਾਰ-ਵਾਰ ਉਸਦਾ ਅਪਮਾਨ ਕੀਤੇ ਜਾਣ ਤੋਂ ਬਾਅਦ ਉਸਨੇ ਖੁਦਕੁਸ਼ੀ ਕਰ ਲਈ। ਤ੍ਰਿਵੇਂਦਰ ਕੁਮਾਰ ਗੌਤਮ, ਜਿਸ ਨੇ ਪਿਛਲੇ ਸਾਲ ਪਿੰਡ ਵਿਕਾਸ ਅਧਿਕਾਰੀ (ਵੀ.ਡੀ.ਓ.) ਵਜੋਂ ਆਪਣੀ ਸੇਵਾ ਅਰੰਭ ਕੀਤੀ ਸੀ ਅਤੇ ਕੁੰਭੀ ਬਲਾਕ ਵਿਖੇ ਤਾਇਨਾਤ ਸੀ, ਨੇ 4 ਜੁਲਾਈ (ਬੁੱਧਵਾਰ) ਦੀ ਰਾਤ ਨੂੰ ਆਪਣੇ ਘਰ 'ਤੇ ਫਾਹਾ ਲੈ ਲਿਆ। ਆਪਣੇ ਪਿਤਾ ਨੂੰ ਸੰਬੋਧਿਤ ਹੱਥ ਲਿਖਤ ਸੁਸਾਈਡ ਨੋਟ ਵਿੱਚ, ਗੌਤਮ ਨੇ ਆਪਣੀ ਜ਼ਿੰਦਗੀ ਖ਼ਤਮ ਕਰਨ ਦੇ ਫੈਸਲੇ ਪਿੱਛੇ ਇੱਕ ਕਿਸਾਨ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ, ਰਸੂਲਪੁਰ ਪਿੰਡ ਦੇ ਮੁਖੀ ਅਤੇ ਇੱਕ ਹੋਰ ਪਿੰਡ ਦੇ ਮੁਖੀ ਨੂੰ ਦੋਸ਼ੀ ਠਹਿਰਾਇਆ। ਵਰਿਆਣਾ ਨੇ ਅੱਗੇ ਦੱਸਿਆ ਕਿ ਇਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਇਆ ਹੈ, ਜਿਸ ਵਿਚ ਉਕਤ ਨੌਜਵਾਨ ਅਧਿਕਾਰੀ ਨੂੰ ਇਕ ਜਨਤਕ ਸਭਾ ਵਿਚ ਅਪਮਾਨਿਤ ਕੀਤਾ ਗਿਆ ਦਿਖਾਇਆ ਗਿਆ ਹੈ. ਇਸ ਵੀਡੀਓ ਵਿਚ ਗੌਤਮ ਦੀ ਪੇਸ਼ੇਵਰਤਾ ਬਾਰੇ ਸਵਾਲ ਕਰਦਿਆਂ ਸੁਣਿਆ ਜਾ ਸਕਦਾ ਸੀ ਅਤੇ ਉਸ ਨੂੰ 'ਕਾਮਚੋਰ' (ਸ਼ਿਰਕਰ) ਕਿਹਾ ਜਾਂਦਾ ਹੈ, ਅਤੇ ਕਿਹਾ ਗਿਆ ਕਿ ਅਜਿਹੇ ਅਧਿਕਾਰੀਆਂ ਨੂੰ ਜੁੱਤੀਆਂ ਨਾਲ ਕੁਟਿਆ ਜਾਣਾ ਚਾਹੀਦਾ ਹੈ ਅਤੇ ਬਾਹਰ ਕੱਢ ਦੇਣਾ ਚਾਹੀਦਾ ਹੈ. ਵਰਿਆਣਾ ਨੇ ਕਿਹਾ ਕਿ ਸਮਤਾ ਸੈਨਿਕ ਦਲ ਇਹ ਮੰਗ ਕਰਦਾ ਹੈ ਕਿ ਦਲਿਤਾਂ 'ਤੇ ਅਤਿਆਚਾਰ ਕਰਨ ਵਾਲਿਆਂ ਦੇ ਨੱਥ ਪਾਈ ਜਾਵੇ. ਇਸ ਮੌਕੇ ਬਲਦੇਵ ਰਾਜ ਭਾਰਦਵਾਜ, ਐਡਵੋਕੇਟ ਕੁਲਦੀਪ ਭੱਟੀ ਅਤੇ ਵਰਿੰਦਰ ਕੁਮਾਰ ਹਾਜ਼ਰ ਸਨ।

# ਡਿਪਲੋਮਾ ਇੰਜੀਨੀਅਰਜ਼ ਐਸੋਸੀਏਸ਼ਨ ਵੱਲੋਂ ਇੰਜੀਨੀਅਰਜ਼ ਦਿਵਸ ਮਨਾਉਣ ਸਬੰਧੀ ਮੀਟਿੰਗ

**ਫਤਿਹਗੜ੍ਹ ਸਾਹਿਬ (ਬਿਊਰੋ)–** ਡਿਪਲੋਮਾ ਇੰਜੀਨੀਅਰਜ਼ ਐਸੋਸ਼ੀਏਸ਼ਨ, ਲੋਕ ਨਿਰਮਾਣ ਵਿਭਾਗ (ਭਵਨ ਤੇ ਮਾਰਗ )ਸ਼ਾਖਾ ਸਰਕਲ ਪਟਿਆਲਾ- 2 ਅਤੇ ਕੌਂਸਲ ਆਫ ਡਿਪਲੋਮਾ ਇੰਜੀਨੀਅਰਜ਼, ਸ਼੍ਰੀ ਫ਼ਤਹਿਗੜ੍ਹ ਸਾਹਿਬ ਜ਼ੋਨ ਦੀ ਮੀਟਿੰਗ ਸਥਾਨਕ ਪੀ ਡਬਲਯੂ ਡੀ ਦਫਤਰ ਵਿਖੇ ਇੰਜੀ: ਰਾਜਿੰਦਰ ਕੁਮਾਰ ਗੌੜ ,ਮੁੱਖ ਸਰਪ੍ਰਸਤ ਦੀ ਪ੍ਰਧਾਨਗੀ ਹੇਠ ਹੋਈ । ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦਿਆਂ ਇੰਜੀ. ਕ੍ਰਿਸ਼ਨ ਗੋਪਾਲ ਨੇ ਦੱਸਿਆ ਕਿ ਮੀਟਿੰਗ ਵਿੱਚ ਸਮੁੱਚੇ ਇੰਜੀਨੀਅਰਿੰਗ ਵਰਗ ਦੇ ਪਿਤਾਮਾ ਸਰ ਮੋਕਸ਼ ਗੁੰਡਮ ਵਿਸਵਿਸਰਈਆ ਨੂੰ ਸਮਰਪਿਤ ਸੂਬਾ ਪੱਧਰੀ "ਇੰਜੀਨੀਅਰਜ਼ ਦਿਵਸ" 15 ਸਤੰਬਰ, ਐਤਵਾਰ ਨੂੰ ਲਾਅ ਆਡੀਟੋਰੀਅਮ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਮਨਾਏ ਜਾ ਰਹੇ ਸੂਬਾ ਪੱਧਰੀ ਇੰਜੀਨੀਅਰਜ਼ ਦਿਵਸ ਵਿੱਚ ਪੂਰੇ ਉਤਸ਼ਾਹ ਨਾਲ ਜਾਣ ਦਾ ਫੈਸਲਾ ਕੀਤਾ ਗਿਆ। ਮੀਟਿੰਗ ਵਿਚ ਦੱਸਿਆ ਗਿਆ ਕਿ ਚੰਡੀਗੜ੍ਹ ਵਿਖੇ ਮਨਾਏ ਜਾ ਰਹੇ ਇੰਜੀਨੀਅਰਜ਼ ਦਿਵਸ ਵਿੱਚ ਸੜਕੀ ਆਵਾਜਾਈ ਅਤੇ ਹਾਈਵੇਅ ਮੰਤਰਾਲਾ,ਭਾਰਤ ਸਰਕਾਰ ਦੇ ਅਡੀਸ਼ਨਲ ਡਾਇਰੈਕਟਰ ਜਨਰਲ ਇਸ ਸਮਾਗਮ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਸ਼ਾਮਲ ਹੋਣਗੇ।ਕੌਂਸਲ ਆਫ ਡਿਪਲੋਮਾ ਇੰਜੀਨੀਅਰਜ਼ ਦੀ ਸ਼੍ਰੀ ਫਤਿਹਗੜ੍ਹ ਸਾਹਿਬ ਜੋਨ ਵੱਲੋਂ ਵਾਟਰ ਸਪਲਾਈ ਤੇ ਸੈਨੀਟੇਸ਼ਨ ਵਿਭਾਗ, ਸਰਕਲ ਪਟਿਆਲਾ ਦੇ ਸਹਾਇਕ ਇੰਜੀਨੀਅਰ ਸਤਨਾਮ ਸਿੰਘ ਮੱਟੂ ਦਾ ਵਿਭਾਗ ਦੇ ਸਾਥੀਆਂ ਸਮੇਤ ਵਿਸ਼ੇਸ਼ ਹਾਜ਼ਰੀ ਲਈ ਧੰਨਵਾਦ ਕੀਤਾ ਗਿਆ। ਇਸ ਮੀਟਿੰਗ ਵਿੱਚ ਜੱਥੇਬੰਦੀ ਦੇ ਵੱਖ- ਵੱਖ ਆਹੁਦੇਦਾਰਾਂ ਤੇ ਮੈਬਰਾਂ ਵੱਲੋਂ ਭਾਗ ਲਿਆ ਗਿਆ ਜਿਨ੍ਹਾਂ ਵਿੱਚ ਇੰਜੀ:ਦਿਲਪ੍ਰੀਤ ਸਿੰਘ ਲੋਹਟ , ਸੂਬਾ ਪ੍ਰਧਾਨ, ਡਿਪਲੋਮਾ ਇੰਜੀਨੀਅਰਜ਼ ਐਸੋਸੀਏਸ਼ਨ, ਪੰਜਾਬ, ਇੰਜੀ: ਗੁਰਦਿਆਲ ਸਿੰਘ, ਸਰਕਲ ਪ੍ਰਧਾਨ, ਇੰਜੀ: ਹਰਪ੍ਰੀਤ ਸਿੰਘ,ਸਰਕਲ ਜਨਰਲ ਸਕੱਤਰ, ਇੰਜੀ: ਸੁਰਜਨ ਸਿੰਘ, ਚੈਅਰਮੈਨ, ਇੰਜੀ: ਬਲਜਿੰਦਰ ਸਿੰਘ, ਸਰਪ੍ਰਸਤ, ਇੰਜੀ: ਹਤਿੰਦਰ ਕੁਮਾਰ,ਮੀਤ ਪ੍ਰਧਾਨ ਇੰਜੀ: ਰੌਬਿਨ ਰਾਜਦੇਵ , ਪਰਚਾਰ ਸਕੱਤਰ, ਇੰਜੀ: ਕਰਿਸਨ ਗੋਪਾਲ ਗਿੱਲ, ਪਰੈਸ ਸਕੱਤਰ ਡੀ ਈ ਏ, ਇੰਜੀ: ਮਨਦੀਪ ਸਿੰਘ ਐਸ ਡੀ ਓ, ਇੰਜੀ: ਦਲਜੀਤ ਸਿੰਘ ਸਿੱਧੂ ਐਸ ਡੀ ਓ, ਇੰਜੀ: ਜਗਦੀਸ਼ ਸਿੰਘ ਭਗਾਣੀਆਂ ਆਦਿ ਸ਼ਾਮਿਲ ਹੋਏ । ਮੀਟਿੰਗ ਵਿੱਚ ਪੰਜਾਬ ਵਿੱਚ ਆਏ ਹੜ੍ਹਾਂ ਵਿੱਚ ਪ੍ਰਭਾਵਿਤ ਲੋਕਾਂ ਦੀ ਮਦਦ ਕਰਨ ਲਈ ਮੁੱਖ ਮੰਤਰੀ, ਪੰਜਾਬ, ਰਾਹਤ ਫੰਡ ਵਿੱਚ ਸਹਾਇਤਾ ਰਾਸ਼ੀ ਦਾ ਯੋਗਦਾਨ ਪਾਉਣ ਵਾਲੇ ਲੋਕ ਨਿਰਮਾਣ ਵਿਭਾਗ ਵਿੱਚ ਕੰਮ ਕਰ ਰਹੇ/ ਸੇਵਾ ਮੁਕਤ ਜੂਨੀਅਰ/ ਸਹਾਇਕ ਇੰਜੀਨੀਅਰਜ਼/ ਉਪ ਮੰਡਲ ਇੰਜੀਨੀਅਰਜ਼ (ਪਦ ਉਨੱਤ ) ਦਾ ਮਨੁੱਖਤਾ ਦੇ ਭਲੇ ਹਿੱਤ ਇਸ ਵਿਸ਼ੇਸ਼ ਉਪਰਾਲੇ ਲਈ ਧੰਨਵਾਦ



# ਪਰਕਸ ਵੱਲੋਂ ਡਾ.ਖ਼ੇਮ ਸਿੰਘ ਗਿੱਲ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ

**ਅੰਮ੍ਰਿਤਸਰ (ਬਿਊਰੋ)–** ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਲਿਮਟਿਡ ਲੁਧਿਆਣਾ/ਅੰਮ੍ਰਿਤਸਰ (ਪਰਕਸ) ਨੇ ਡਾ.ਖ਼ੇਮ ਸਿੰਘ ਗਿੱਲ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਪ੍ਰੈਸ ਨੂੰ ਜਾਰੀ ਇੱਕ ਸਾਂਝੇ ਬਿਆਨ ਵਿੱਚ ਸੁਸਾਇਟੀ ਦੇ ਪ੍ਰਧਾਨ ਡਾ. ਬਿਕਰਮ ਸਿੰਘ ਘੁੰਮਣ ,ਮੈਨੇਜਿੰਗ ਡਾਇਰੈਕਟਰ ਡਾ. ਚਰਨਜੀਤ ਸਿੰਘ ਗੁਮਟਾਲਾ ਤੇ ਸਕੱਤਰ ਗੁਰਮੀਤ ਸਿੰਘ ਪਲਾਹੀ ਨੇ ਕਿਹਾ ਕਿ ਪਦਮ ਭੂਸ਼ਨ ਨਾਲ ਸਨਮਾਨਿਤ ਡਾ. ਗਿੱਲ ਅੰਤਰ-ਰਾਸ਼ਟਰੀ ਖੇਤੀ ਵਿਗਿਆਨੀ ਸਨ ਜਿਨ੍ਹਾਂ ਨੇ ਨਾ ਕੇਵਲ ਭਾਰਤ ਸਗੋਂ ਪਾਕਿਸਤਾਨ ਵਿਚ ਵੀ ਹਰਾ ਇਨਕਲਾਬ ਲਿਆਉਣ ਵਿਚ ਅਹਿਮ ਯੋਗਦਾਨ ਪਾਇਆ। ਉਨ੍ਹਾਂ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ 1949 ਵਿਚ ਖੇਤੀਬਾੜੀ ਵਿਚ ਬੀ.ਐਸਸੀ.ਕੀਤੀ , ਪੰਜਾਬ ਯੂਨੀਵਰਸਿਟੀ ਚੰਡੀਗੜ ਤੋਂ 1951 ਵਿਚ ਐਮ. ਐੱਸ ਸੀ. ਤੇ 1963 ਵਿਚ ਅਮਰੀਕਾ ਦੀ ਯੂਨੀਵਰਸਿਟੀ ਆਫ਼ ਕੈਲੀਫ਼ੋਰਨੀਆ ਤੋਂ ਪੀ-ਐਚ.ਡੀ. ਕੀਤੀ।ਉਹ ਖ਼ੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਚ ਵੱਖ ਵੱਖ ਆਹੁਦਿਆਂ ਤੇ ਰਹਿ। ਉਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ ਨੂੰ ਵੇਖਦੇ ਹੋਇ ਉਨ੍ਹਾਂ ਨੂੰ 1990 ਵਿੱਚ ਇਸੇ ਯੂਨੀਵਰਸਿਟੀ ਵਿਚ ਉੱਪ- ਕੁਲਪਤੀ ਨਿਯੁਕਤ ਕੀਤਾ ਗਿਆ ,ਜਿੱਥੋਂ ਉਹ 1993 ਵਿਚ ਸੇਵਾ ਮੁਕਤ ਹੋਇ। ਉਨ੍ਹਾਂ ਦੇ ਸਮੇਂ ਯੂਨੀਵਰਸਿਟੀ ਨੇ ਕਈ ਖੇਤਰਾਂ ਵਿਚ ਮੱਲਾਂ ਮਾਰੀਆਂ । ਉਨ੍ਹਾਂ ਨੇ ਕਣਕ,ਤਿੱਲ, ਬਾਜਰਾ , ਜੌਂ ਤੇ ਹੋਰ ਫ਼ਸਲਾਂ ਦੀਆਂ ਨਵੀਆਂ ਕਿਸਮਾਂ ਦੀ ਖੋਜ ਕੀਤੀ ਤੇ 475 ਦੇ ਕ੍ਰੀਬ ਖ਼ੋਜ ਪੱਤਰ ਤੇ ਲੇਖ ਲਿੱਖਣ ਤੋਂ ਇਲਾਵਾ 17 ਵਿਦਿਆਰਥੀਆਂ ਨੂੰ ਪੀ-ਐਚ.ਡੀ. ਕਰਵਾਈ। ਸੇਵਾ ਮੁਕਤੀ ਪਿੱਛੋਂ ਉਨ੍ਹਾਂ ਨੇ ਉਨ੍ਹਾਂ ਨੇ ਆਪਣੀ ਜਿੰਦਗੀ ਪੰਜਾਬ, ਪੰਜਾਬੀਅਤ ਤੇ ਸਿੱਖੀ ਨੂੰ ਪ੍ਰਫੁਲਤ ਕਰਨ ਲਈ ਬੜੂ ਸਾਹਿਬ ਐਜੂਕੇਸ਼ਨ ਟਰੱਸਟ ਨਾਲ ਜੁੜ ਕੇ ਲਾ ਦਿੱਤੀ। ਉਹ ਪਰਕਸ ਦੇ ਕਈ ਸਮਾਗਮਾਂ ਦੀ ਸ਼ਾਨ ਵੀ ਬਣੇ। ਉਨ੍ਹਾਂ ਦੇ ਅਕਾਲ ਚਲਾਣੇ ਨਾਲ ਪੰਜਾਬੀ ਜਗਤ ਨੂੰ ਕਦੇ ਨਾ ਪੂਰਾ ਕੀਤਾ ਜਾਣਾ ਵਾਲਾ ਘਾਟਾ ਪਿਆ ਹੈ ਤੇ ਪੰਜਾਬੀ ਸਾਹਿਤ ਜਗਤ ਇੱਕ ਵਿਦਵਾਨ ਤੋਂ ਵਾਂਝਾ ਹੋ ਗਿਆ ਹੈ।ਭਾਵੇਂ ਉਹ ਸਾਡੇ ਵਿਚ ਨਹੀਂ ਰਹੇ ਪਰ ਉਨ੍ਹਾਂ ਦੀਆਂ ਰਚਨਾਵਾਂ ਤੇ ਕੀਤੇ ਕਾਰਜ ਉਨ੍ਹਾਂ ਦੇ ਨਾਂ ਨੂੰ ਹਮੇਸ਼ਾਂ ਕਾਇਮ ਰੱਖਣਗੇ।


## 'ਦੇਸ਼ ਦੁਆਬਾ'

### ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**1-916-947-8920 (ਫੋਨ), 1-916-238-1393 (ਫੈਕਸ)**

**E-mail : deshdoaba@yahoo.com**

www.deshdoaba.com www.ambedkartimes.com



'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com


# ਸ੍ਰੀ ਗੁਰੂ ਰਵਿਦਾਸ ਮੰਦਰ ਤੁਗਲਕਾਬਾਦ ਦੁਬਾਰਾ ਉਸੇ ਥਾਂ ਤੇ ਬਣੇਗਾ ਮੰਦਰ- ਸੋਮ ਪ੍ਰਕਾਸ਼



**ਨਵੀਂ ਦਿੱਲੀ (ਬਿਊਰੋ)–** ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਦੇ ਨਾਲ ਮੁਲਾਕਾਤ ਕਰਨ ਲਈ ਸੰਤ ਸਮਾਜ, ਰਾਜੇਸ਼ ਬਾਘਾ ਉਪ ਪ੍ਰਧਾਨ ਭਾਰਤੀ ਜਨਤਾ ਪਾਰਟੀ ਪੰਜਾਬ, ਅਵਿਨਾਸ਼ ਚੰਦਰ ਸਾਬਕਾ ਵਿਧਾਇਕ ਅਤੇ ਡਾ. ਦਿਲਬਾਗ ਰਾਏ ਪ੍ਰਧਾਨ ਅਨੁਸੂਚਿਤ ਜਾਤੀ ਮੋਰਚਾ ਭਾਜਪਾ ਪੰਜਾਬ ਨੇ ਮੁਲਾਕਾਤ ਕੀਤੀ ਅਤੇ ਇਸ ਚਰਚਾ ਦਰਮਿਆਨ ਸ੍ਰੀ ਸੋਮ ਪ੍ਰਕਾਸ਼ ਨੇ ਭਰੋਸਾ ਦਿੱਤਾ ਕਿ ਸ੍ਰੀ ਗੁਰੂ ਰਵਿਦਾਸ ਜੀ ਦਾ ਮੰਦਰ ਉਸੇ ਸਥਾਨ ਤੇ ਬਣਾਇਆ ਜਾਵੇਗਾ। ਇਸ ਦੇ ਲਈ ਵਿਚਾਰ ਵਟਾਂਦਰਾ ਆਰੰਭ ਹੋ ਚੁੱਕਾ ਹੈ ਅਤੇ ਜਲਦੀ ਹੀ ਇਹ ਕਦਮ ਚੁੱਕਿਆ ਜਾਵੇਗਾ।

# ਪੂਰਨਮਾਸ਼ੀ ਸਬੰਧੀ ਰਾਜ਼ੇਸ਼ ਬਾਘਾ ਦਾ ਵਿਸ਼ੇਸ਼ ਸਨਮਾਨ



**ਜਲੰਧਰ (ਬਿਊਰੋ)–** ਪਿੰਡ ਬੋਲੀਨਾ ਦੋਆਬਾ ਵਿਖੇ ਪੂਰਨਮਾਸ਼ੀ ਸਬੰਧੀ ਕਰਵਾਏ ਗਏ ਸਲਾਨਾਂ ਸਮਾਗਮ ਦੌਰਾਨ ਸੰਤ ਗਿਆਨ ਚੰਦ ਜੀ ਸੰਤ ਸਰਵਣ ਦਾਸ ਸਲੇਮਟਾਬਰੀ ਲੁਧਿਆਣਾ, ਸੰਤ ਰਾਮ ਸਰੂਪ ਗਿਆਨੀ ਪਿੰਡ ਬੋਲੀਨਾ, ਰਾਜ਼ੇਸ਼ ਬਾਘਾ ਉਪ ਪ੍ਰਧਾਨ ਭਾਰਤੀ ਜਨਤਾ ਪਾਰਟੀ ਪੰਜਾਬ ਅਤੇ ਸਾਬਕਾ ਚੇਅਰਮੈਨ ਐਸ.ਸੀ ਕਮਿਸ਼ਨ ਪੰਜਾਬ, ਬਾਬਾ ਜਗਦੇਵ ਸਿੰਘ, ਹੁਸਨ ਲਾਲ ਬਾਘਾ, ਸਰਪੰਚ ਕੁਲਵਿੰਦਰ ਬਾਘਾ ਦਾ ਵਿਸ਼ੇਸ਼ ਸਨਮਾਨ ਕਰਦੇ ਹੋਏ।

# ਬਸਪਾ ਨੇ ਮੋਦੀ ਤੇ ਕੈਪਟਨ ਦੀ ਸਰਕਾਰ ਦੇ ਪਾਪਾਂ ਦਾ ਘੜਾ ਭੰਨਿਆ- ਸੰਧੂ, ਬਿਲਗਾ



**ਲੁਧਿਆਣਾ (ਬਿਊਰੋ)–** ਬਹੁਜਨ ਸਮਾਜ ਪਾਰਟੀ ਦੇ ਸੂਬਾ ਪੱਧਰੀ ਪ੍ਰੋਗਰਾਮ ਤਹਿਤ ਲੁਧਿਆਣਾ ਦੇ ਅੰਬੇਦਕਰ ਚੌਕ ਵਿੱਚ ਜਨਸੰਘ ਦੀ ਮੋਦੀ ਸਰਕਾਰ ਅਤੇ ਕਾਂਗਰਸ ਦੀ ਕੈਪਟਨ ਸਰਕਾਰ ਦੇ ਪਾਪਾਂ ਦਾ ਘੜਾ ਗੁਰਮੇਲ ਸਿੰਘ ਸੰਧੂ ਸੂਬਾ ਸਕੱਤਰ, ਅਤੇ ਜਿਲਾ ਪ੍ਰਧਾਨ ਪ੍ਰਗਣ ਬਿਲਗਾ ਦੀ ਅਗਵਾਈ ਵਿੱਚ ਭੰਨਿਆ ਗਿਆ। ਇਸ ਮੌਕੇ ਗੁਰਮੇਲ ਸੰਧੂ ਅਤੇ ਬਿਲਗਾ ਨੇ ਕਿਹਾ ਕਿ ਦਿੱਲੀ ਤੁਗਲਕਾਬਾਦ ਵਿੱਚ ਗੁਰੂ ਰਵਿਦਾਸ ਮੰਦਰ ਨੂੰ ਤੋੜਨਾ, ਲੁਧਿਆਣਾ ਜਮਾਲਪੁਰ ਅਵਾਣਾ ਵਿੱਚ ਗੁਰੂ ਰਵਿਦਾਸ ਮੰਦਿਰ ਨੂੰ ਤੋੜਨ ਸਬੰਧੀ ਨੋਟਿਸ ਦੇਣਾ, ਦਿੱਲੀ ਵਿਖੇ ਗ੍ਰਿਫਤਾਰ 96 ਪੈਰੋਕਾਰਾਂ ਨੂੰ ਰਿਹਾਅ ਨਾ ਕਰਨਾ, ਪੰਜਾਬ ਅੰਦਰ ਦੇਸ਼ ਧਰੋਹੀ ਦੇ ਪਰਚੇ ਰੱਦ ਕਰਕੇ ਸਾਬਕਾ ਐਮ. ਐਲ. ਸਹੂੰਗੜਾ ਨੂੰ ਰਿਹਾ ਨਾ ਕਰਨਾ, ਰਾਮ ਸਿਆ ਕੇ ਲਵਕੁਛ ਸੀਰੀਅਲ ਨੂੰ ਬੰਦ ਨਾ ਕਰਨਾ, ਨਸ਼ੇ ਨਾ ਰੋਕਣਾ, ਬਟਾਲਾ ਪਟਾਕਾ ਫੈਕਟਰੀ ਵਿੱਚ ਮਾਰੇ ਗਏ 23 ਬੇਕਸੂਰ ਵਿਆਕਤੀਆਂ ਦੇ ਪਰਿਵਾਰਾਂ ਨੂੰ ਮਾਲੀ ਮੱਦਦ ਨਾ ਦੇਣਾ ਅਤੇ ਦੋਸ਼ੀਆਂ ਨੂੰ ਸਜਾਵਾਂ ਨਾ ਦੇਣਾ, ਦੇਸ਼ ਅਤੇ ਸੂਬੇ ਵਿੱਚ ਬੇਰੋਜ਼ਗਾਰਾਂ ਨੂੰ ਰੋਜ਼ਗਾਰ ਨਾ ਦੇਣਾ, ਕਾਲੇ ਧੰਨ ਦੀ ਵਾਪਸੀ ਨਾ ਹੋਣੀ, ਅੱਛੇ ਦਿਨ ਨਾ ਆਉਣੇ ਅਤੇ 15-15 ਲੱਖ ਖਾਤਿਆਂ ਵਿੱਚ ਨਾ ਆਉਣੇ ਆਦਿ ਮੁੱਦਿਆਂ ਉੱਪਰ ਦੋਨਾਂ ਸਰਕਾਰਾਂ ਦੇ ਪਾਪਾਂ ਦਾ ਘੜਾ ਵਿੱਚ ਚੋਰਾਹੇ ਭੰਨਿਆ ਗਿਆ। ਇਸ ਮੌਕੇ ਉਹਨਾਂ ਅੱਗੇ ਕਿਹਾ ਕਿ ਪੱਤਰਕਾਰਾਂ ਤੇ ਹਮਲੇ ਅਤੇ ਉਹਨਾਂ ਦਾ ਮਾਰਿਆ ਜਾਣਾ, ਕੀ ਖਾਣਾ- ਕੀ ਪਹਿਨਣਾ, ਰਾਸ਼ਟਰੀ ਗੀਤ ਦੀ ਥਾਂ ਬੰਦੇ ਮਾਤਰਮ ਗਾਉਣ ਲਈ ਮਜ਼ਬੂਰ ਕਰਨਾ ਆਦਿ ਐਸੇ ਮੁੱਦੇ ਹਨ ਜਿਹਨਾਂ ਉੱਪਰ 100 ਕਰੋੜ ਲੋਕਾਂ ਵਿੱਚ ਚਿੰਤਾ ਪਾਈ ਜਾ ਰਹੀ ਹੈ। ਜਿਸ ਕਰਕੇ ਦੋਨਾਂ ਸਰਕਾਰਾਂ ਦੇ ਵਿਰੋਧ ਵਿੱਚ ਰੋਸ ਮੁਜਾਹਰਾ ਕੀਤਾ ਗਿਆ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਵੀਕਾਂਤ ਜੱਖੂ, ਜਸਵੀਰ ਪਾਲ ਪ੍ਰਧਾਨ, ਜਸਪਾਲ ਭੌਰਾ, ਬਲਵਿੰਦਰ ਜੱਸੀ, ਲੇਖਰਾਜ ਬਿਲਗਾ, ਬਲਵਿੰਦਰ ਬੱਧਣ, ਸੁਖਵਿੰਦਰ ਕੌਰ, ਜਸਵਿੰਦਰ ਜੱਸਾ, ਅਮਨ ਸੰਧੂ, ਕਮਲ ਬੋਧ, ਸੁਰੇਸ਼ ਅੰਬੇਦਕਰੀ, ਵਿੱਕੀ ਬਹਾਦਰਕੇ, ਖਵਾਜ਼ਾ ਪ੍ਰਸ਼ਾਦ, ਬਲਦੇਵ ਸਿੰਘ, ਬੰਕੇ ਚੁੰਬਰ, ਗੁਰਮੇਲ ਭੈਰੋਂ, ਰਜਿੰਦਰ ਭੈਰੋਂ, ਵਿੱਕੀ, ਜਸਵੰਤ ਸਿੰਘ, ਰਵਿੰਦਰ ਸਰੋਏ, ਰਾਕੇਸ਼ ਸੁਮਨ, ਸੁਰਜੀਤ ਕੁਮਾਰ, ਸੁਖਵਿੰਦਰ ਕੌਰ, ਮਨਪ੍ਰੀਤ ਕੌਰ, ਰਣਜੀਤ ਕੌਰ, ਜਸਵੀਰ ਕੌਰ, ਜਸਵਿੰਦਰ ਕੌਰ ਆਦਿ ਹਾਜ਼ਰ ਸਨ।

# ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਯੂਨੀਅਨ ਸਿਟੀ ਦਾ 15ਵਾਂ ਵਿਸ਼ਵ ਕਬੱਡੀ ਕੱਪ ਵਿਲੱਖਣ ਇਤਿਹਾਸ ਸਿਰਜ ਗਿਆ

## ਸਾਬਕਾ ਕਬੱਡੀ ਖਿਡਾਰੀ ਮੇਜਰ ਸਿੰਘ ਬੈਂਸ ਨੇ ਕੀਤਾ ਵਿਸ਼ਵ ਕੱਪ ਦਾ ਉਦਘਟਨ, ਅਮੋਲਕ ਸਿੰਘ ਗਾਖਲ ਨੇ ਬੰਨ੍ਹਿਆ ਸੰਗਤਾਂ ਸਿਰ ਸਫਲਤਾ ਦਾ ਸਿਹਰਾ

**ਯੂਨੀਅਨ ਸਿਟੀ (ਕੈਲੇਫੋਰਨੀਆ) 'ਚ ਐਤਵਾਰ ਦਾ ਸੂਰਜ ਨਿਵੇਕਲੇ ਢੰਗ ਨਾਲ ਚੜ੍ਹਿਆ**
**ਲੋਗਨ ਹਾਈ ਸਕੂਲ ਦਾ ਖੇਡ ਮੈਦਾਨ ਸ਼ਾਮ ਵੇਲੇ ਸਵਿਟਰਜ਼ਲੈਂਡ ਲੱਗਦਾ ਸੀ**
**ਟੈਂਟ ਕੁਰਸੀਆਂ, ਬੈਠਣ ਦੀ ਸਹੂਲਤ ਵੇਖਣਯੋਗ ਸੀ**
**ਪੰਡਾਲ 'ਚ ਲੱਗੇ ਵੱਡੇ ਵੱਡੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਬੈਨਰ ਪ੍ਰਬੰਧਕਾਂ ਲਈ ਸ਼ਰਧਾ ਦਾ ਸੂਚਕ ਬਣੇ ਰਹੇ।**

-------------------

**ਯੂਨੀਅਨ ਸਿਟੀ (ਐੱਸ.ਅਸ਼ੋਕ.ਭੌਰਾ)–** ਕਹਿੰਦੇ ਨੇ ਕਿ ਜੇ ਲਗਨ ਸ਼ਰਧਾ ਨਾਲ ਜੁੜੀ ਹੋਵੇ ਤਾਂ ਪੈੜਾਂ ਹੀ ਇਤਿਹਾਸਕ ਨਹੀਂ ਹੁੰਦੀਆਂ ਸਗੋਂ ਮੰਜ਼ਿਲ ਵੀ ਇਤਿਹਾਸ ਹੋ ਨਿੱਬੜਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆਂ ਦਾ 15ਵਾਂ ਵਿਸ਼ਵ ਕਬੱਡੀ ਕੱਪ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਦੇ ਇਤਿਹਾਸ ਵਿਚ ਇਕ ਨਵੀਂ ਤੇ ਵਿਲੱਖਣ ਪੈੜ ਸਿੱਧ ਹੋਇਆ। ਸ਼ਾਇਦ ਇਹ ਪਹਿਲੀ ਵਾਰ ਸੀ ਕਿ ਸ਼ਰਧਾ ਤੇ ਧਾਰਮਿਕ ਭਾਵਨਾਵਾਂ ਨਾਲ ਜੁੜੇ ਇਸ ਵਿਸ਼ਵ ਕਬੱਡੀ ਕੱਪ ਨੇ ਨਾਨਕ ਨਾਮ ਲੇਵਾ ਸਮੁੱਚੀ ਸੰਗਤ ਨੂੰ ਇਹ ਵਿਸ਼ਵਾਸ ਤੇ ਯਕੀਨ ਦੁਆਇਆ ਕਿ ਸੱਚੀਂ ਮੁੱਚੀਂ ਹੀ ਚੜ੍ਹਦੀ ਕਲਾ ਦੇ ਅਰਥ ਨਾਨਕ ਨਾਮ ਨਾਲ ਹੀ ਹੁੰਦੇ ਨੇ। ਲੰਘੇ ਐਤਵਾਰ ਨੂੰ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ 'ਚ 15000 ਤੋਂ ਵੱਧ ਮਾਂ ਖੇਡ ਕਬੱਡੀ ਨੂੰ ਪਿਆਰ ਕਰਨ ਵਾਲੀ ਸੰਗਤ ਦਾ ਪੁੱਜਣਾ, ਸਾਰਾ ਦਿਨ ਗੁਰੂ ਕਾ ਅਤੁੱਟ ਲੰਗਰ ਵਰਤਣਾ, 9 ਘੰਟੇ ਲਗਾਤਾਰ ਪੰਜਾਬੀ ਪੁੱਤਰਾਂ ਦਾ 'ਕਬੱਡੀ ਕਬੱਡੀ' ਨਾਲ ਜ਼ੋਰ ਵਿਖਾਉਣਾ ਅਤੇ ਅਮਰੀਕਾ ਦੀ ਧਰਤੀ 'ਤੇ ਅਜਿਹਾ ਇਤਿਹਾਸ ਬਣਾਉਣਾ ਬਾਬੇ ਨਾਨਕ ਦੀ ਮਿਹਰ ਨਾਲ ਹੀ ਸੰਭਵ ਹੋ ਸਕਿਆ। ਇਹ ਵਿਚਾਰ ਹਨ ਯੁਨਾਈਟਡ ਸਪੋਰਟਸ ਕਲੱਬ ਦੇ ਮੁੱਖ ਸਰਪ੍ਰਸਤ, ਵਿਸ਼ਵ ਕਬੱਡੀ ਕੱਪ ਦੇ ਮੁੱਖ ਪ੍ਰਬੰਧਕ ਅਤੇ ਰੂਹੇ ਰਵਾਂ ਸ. ਅਮੋਲਕ ਸਿੰਘ ਗਾਖਲ ਦੇ। ਉਨ੍ਹਾਂ ਕਿਹਾ ਕਿ 'ਮੇਰਾ ਮੁਝ ਮਹਿ ਕਿਛੁ ਨਹੀ' ਦੀ ਧਾਰਨਾ ਨਾਲ ਇਸ ਕਬੱਡੀ ਕੱਪ ਨੂੰ ਪੰਜਾਬੀਆਂ, ਸਿੱਖ ਕੌਮ ਅਤੇ ਕਬੱਡੀ ਪ੍ਰੇਮੀਆਂ ਦੇ ਨਾਮ ਕੀਤਾ। ਕਲੱਬ ਦੇ ਚੇਅਰਮੈਨ ਸ. ਮੱਖਣ ਸਿੰਘ ਬੈਂਸ ਨੇ ਕਬੱਡੀ ਕੱਪ ਨੂੰ ਕਾਮਯਾਬੀ ਨਾਲ ਕਰਵਾਉਣ ਲਈ ਦਿਨ ਰਾਤ ਇਕ ਹੀ ਨਹੀਂ ਕੀਤਾ ਸਗੋਂ ਆਪਣੇ ਕਾਰੋਬਾਰੀ ਅਦਾਰੇ ਰਾਜਾ ਸਵੀਟਸ ਵਲੋਂ ਅੰਮ੍ਰਿਤਸਰੀ ਛੋਲੇ ਭਟੂਰੇ ਅਤੇ ਦੇਸੀ ਘਿਓ ਦੀਆਂ ਜਲੇਬੀਆਂ ਦਾ ਲੰਗਰ, ਗੁਰੂਘਰ ਫਰੀਮਾਂਟ ਤੇ ਗੁਰੂਘਰ ਸੈਨਹੋਜ਼ੇ ਵਲੋਂ ਵੀ ਸਾਰਾ ਦਿਨ ਸੰਗਤ ਦੀ ਸੇਵਾ ਵਿਚ ਲੰਗਰ ਵਰਤਾਇਆ। ਤਕਨੀਕੀ ਪ੍ਰਬੰਧਾਂ ਦੀ ਦੇਖ ਰੇਖ ਕਰਨ ਵਾਲੀ ਜੋੜੀ ਇਕਬਾਲ ਸਿੰਘ ਗਾਖਲ ਉੱਪ ਚੇਅਰਮੈਨ, ਕਬੱਡੀ ਦੇ ਸਾਬਕ ਧੁਨੰਤਰ ਤੀਰਥ ਸਿੰਘ ਗਾਖਲ ਅਤੇ ਮੱਖਣ ਸਿੰਘ ਧਾਲੀਵਾਲ ਨੇ ਬਾਖੂਬੀ ਜ਼ਿੰਮੇਵਾਰੀਆਂ ਨਿਭਾਈਆਂ। ਇਸ ਕਬੱਡੀ ਕੱਪ ਵਿਚ ਸਾਰਾ ਦਿਨ ਫਸਵੇਂ ਮੁਕਾਬਲੇ, ਚੋਟੀ ਦੇ ਖਿਡਾਰੀਆਂ ਦੇ ਜੋਸ਼ ਭਰੇ ਜਲਵੇ ਤੇ ਉਂਗਲੀਆਂ ਖੜ੍ਹੀਆਂ ਹੁੰਦੀਆਂ, ਪੱਟਾਂ 'ਤੇ ਹੱਥ ਵੱਜਦੇ, ਦਰਸ਼ਕਾਂ ਦੀਆਂ ਤਾੜੀਆਂ ਦਾ ਮਹੌਲ ਹੀ ਨਹੀਂ ਸਿਰਜਿਆ ਸਗੋਂ ਕਬੱਡੀ ਪ੍ਰੇਮੀਆਂ ਤੇ ਸੰਗਤ ਦੇ ਬੜੇ ਗਿਲੇ ਸ਼ਿਕਵਿਆਂ ਨੂੰ ਵੀ ਦੂਰ ਵੀ ਕਰ ਦਿੱਤਾ। ਪਹਿਲੀ ਵਾਰ ਸੀ ਕਿ ਉਲੰਪੀਅਨ ਸੁਰਿੰਦਰ ਸਿੰਘ ਸੋਢੀ ਦੀ ਅਗਵਾਈ 'ਚ ਪ੍ਰਧਾਨ ਜੁਗਰਾਜ ਸਿੰਘ ਸਹੋਤਾ, ਵਿੱਤ ਸਕੱਤਰ ਨਰਿੰਦਰ ਸਿੰਘ ਸਹੋਤਾ, ਸਲਾਹਕਾਰ ਪਲਵਿੰਦਰ ਸਿੰਘ ਗਾਖਲ, ਨੱਥਾ ਸਿੰਘ ਗਾਖਲ ਅਤੇ ਸਾਧੂ ਸਿੰਘ ਖਲੌਰ ਦੀ ਟੀਮ ਨੇ ਹਾਜ਼ਰ ਹੋਣ ਵਾਲੀਆਂ ਅਹਿਮ ਸਖਸ਼ੀਅਤਾਂ ਨੂੰ ਜੀ ਆਇਆਂ ਹੀ ਨਹੀਂ ਆਖਿਆ ਸਗੋਂ ਸਤਿਕਾਰ ਨਾਲ ਝੋਲੀਆਂ ਵੀ ਭਰ ਦਿੱਤੀਆਂ। ਜਿੱਥੇ ਇਸ ਕਬੱਡੀ ਕੱਪ ਦੇ ਪਹਿਲੇ ਇਨਾਮ ਦੇ ਸਪਾਂਸਰ ਓਸ਼ੀਅਨ ਟਰਾਂਸਪੋਰਟ ਦੇ ਜਗਜੀਤ ਸਿੰਘ ਰੱਕੜ, ਵਾਈਟ ਹਾਕ ਦੇ ਕੁਲਜੀਤ ਸਿੰਘ ਨਿੱਝਰ, ਦੂਜੇ ਇਨਾਮ ਦੇ ਸਪਾਂਸਰ ਸੋਹਤਾ ਭਰਾ ਜੁਗਰਾਜ ਸਿੰਘ ਸਹੋਤਾ ਤੇ ਨਰਿੰਦਰ ਸਿੰਘ ਸਹੋਤਾ, ਤੀਜੇ ਇਨਾਮ ਦੇ ਸਹਿਯੋਗੀ ਜਸਵਿੰਦਰ ਬੋਪਾਰਾਏ, ਦਲਵੀਰ ਬੋਪਾਰਾਏ, ਮਾਈਕ ਬੋਪਾਰਾਏ, ਗੁਰਦੇਵ ਸਿੰਘ ਬੋਪਾਰਾਏ ਹਾਜ਼ਰ ਰਹੇ। ਆਲ ਓਪਨ ਦਾ ਇਨਾਮ 'ਆਪਣਾ ਪੰਜਾਬ ਕਲੱਬ' ਵਲੋਂ ਕਸ਼ਮੀਰ ਸਿੰਘ ਧੁੱਗਾ ਦੀ ਅਗਵਾਈ 'ਚ ਤੱਖਰ ਪਰਿਵਾਰ ਵਲੋਂ ਸਪਾਂਸਰ ਕੀਤਾ ਗਿਆ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਇਸ ਵਿਸ਼ਵ ਕਬੱਡੀ ਕੱਪ ਦੌਰਾਨ ਸਾਹਿਤ, ਧਰਮ, ਰਾਜਨੀਤੀ, ਖੇਡਾਂ ਤੇ ਸਮਾਜਿਕ ਖੇਤਰ ਦੀਆਂ ਪੰਜ ਅਹਿਮ ਸਖਸ਼ੀਅਤਾਂ ਨੂੰ ਵਿਸ਼ੇਸ਼ ਸਨਮਾਨ ਪ੍ਰਦਾਨ ਕੀਤੇ ਗਏ। ਇਹਨਾਂ ਵਿਚ ਸਹਾਇਤਾ ਸੰਸਥਾ ਦੇ ਡਾ. ਹਰਕੇਸ਼ ਸੰਧੂ, ਉਲੰਪੀਅਨ ਮਹਿੰਦਰ ਸਿੰਘ ਗਿੱਲ, ਯੂਨੀਅਨ ਸਿਟੀ ਦੇ ਡਿਪਟੀ ਮੇਅਰ ਗੈਰੀ ਸਿੰਘ, ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਅਤੇ ਤਰਲੋਚਨ ਸਿੰਘ ਦੁਪਾਲਪੁਰ ਸ਼ਾਮਿਲ ਸਨ। ਗਾਖਲ ਭਰਾਵਾਂ ਵਲੋਂ ਆਪਣੇ ਪਿਤਾ ਸ. ਨਸੀਬ ਸਿੰਘ ਦੀ ਯਾਦ ਵਿਚ ਮੇਲੇ ਦੇ ਮੀਡੀਆ ਇੰਚਾਰਜ ਅਤੇ ਜਨਰਲ ਸਕੱਤਰ ਐੱਸ.ਅਸ਼ੋਕ ਭੌਰਾ, ਸਾਬਕਾ ਖਿਡਾਰੀ ਨੇਕੀ ਸਿੱਧਵਾਂ, ਖਿਡਾਰੀ ਸੰਦੀਪ ਨੰਗਲ ਅੰਬੀਆਂ, ਪਾਲਾ ਜਲਾਲਪੁਰ, ਖੁਸ਼ੀ ਦੁੱਗਾਂ ਅਤੇ ਸੁਲਤਾਨਪੁਰ ਸ਼ਮਸਪੁਰ ਨੂੰ ਗੋਲਡ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ। ਸਵੇਰੇ ਤਕਰੀਬਨ 10 ਵਜੇ ਸ਼ਰਧਾਪੂਰਵਕ ਸਰਬੱਤ ਦੇ ਭਲੇ ਲਈ ਗੁਰਦੁਆਰਾ ਸਾਹਿਬ ਫਰੀਮਾਂਟ ਦੇ ਹੈੱਡ ਗ੍ਰੰਥੀ ਵਲੋਂ ਅਰਦਾਸ ਕਰਨ ਉਪਰੰਤ ਬੀਬੀ ਭੁਪਿੰਦਰ ਕੌਰ ਦੇ ਢਾਡੀ ਜਥੇ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਸਤਤ ਵਿਚ ਤਕਰੀਬਨ ਅੱਧਾ ਘੰਟਾ ਢਾਡੀ ਵਾਰਾਂ ਪੇਸ਼ ਕੀਤੀਆਂ। ਸੰਗਤ ਵਿਚ ਪ੍ਰਸ਼ਾਦਿ ਵਰਤਾਇਆ ਗਿਆ ਅਤੇ ਉਦਘਾਟਨੀ ਮੈਚ ਸੈਲਮਾ ਸਪੋਰਟਸ ਕਲੱਬ ਅਤੇ ਸ਼ਹੀਦ ਭਗਤ ਸਿੰਘ ਤੇ ਊਧਮ ਸਿੰਘ ਕਲੱਬ ਦੀਆਂ ਅੰਡਰ-21 ਟੀਮਾਂ ਵਿਚ ਕਰਵਾਇਆ ਗਿਆ। ਫਿਰ 'ਕਬੱਡੀ ਕਬੱਡੀ' ਹੀ ਨਹੀਂ ਹੁੰਦੀ ਰਹੀ ਸਗੋਂ ਭਾਰੀ ਗਿਣਤੀ ਵਿਚ ਸੰਗਤ ਨੇ ਹਰ ਮੈਚ ਨੂੰ ਸਾਹ ਰੋਕ ਕੇ ਦੇਖਿਆ। ਸ਼ਾਇਦ ਕਬੱਡੀ ਦੇ ਹੁਣ ਤੱਕ ਦੇ ਵਿਸ਼ਵ ਕੱਪਾਂ ਵਿਚ ਇਹ ਇਤਿਹਾਸਕ ਕਬੱਡੀ ਕੱਪ, ਕਬੱਡੀ ਪ੍ਰੇਮੀਆਂ ਲਈ ਰੱਜ ਕੇ ਚਾਹਤ ਅਤੇ ਖੁਸ਼ੀ ਪ੍ਰਦਾਨ ਕਰਨ ਵਾਲਾ ਹੈ। ਮੈਚ ਦੇ ਅੱਧ ਵਿਚਕਾਰ ਸ. ਮੇਜਰ ਸਿੰਘ ਬੈਂਸ ਨੇ ਰੀਬਨ ਕੱਟ ਕੇ ਟੂਰਨਾਮੈਂਟ ਦਾ ਰਸਮੀ ਉਦਘਟਾਨ ਕੀਤਾ ਅਤੇ ਇਸ ਮੌਕੇ ਉਨ੍ਹਾਂ ਦੇ ਨਾਲ ਸੈਨੇਟਰ ਦੀ ਚੋਣ ਲੜ ਰਹੇ ਮੈਨੀ ਗਰੇਵਾਲ, ਉਲੰਪੀਅਨ ਸੁਰਿੰਦਰ ਸੋਢੀ, ਕਨੇਡਾ ਤੋਂ ਪੁੱਜੇ ਸੇਵਾ ਸਿੰਘ ਰੰਧਾਵਾ, ਸ. ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ, ਇਕਬਾਲ ਸਿੰਘ ਗਾਖਲ ਅਤੇ ਮੱਖਣ ਸਿੰਘ ਬੈਂਸ ਵਲੋਂ ਵੀ ਖਿਡਾਰੀਆਂ ਨਾਲ ਜਾਣ ਪਛਾਣ ਕੀਤੀ ਗਈ। ਅੰਡਰ-21 ਵਿਚ ਪਹਿਲਾ ਇਨਾਮ ਸ਼ਹੀਦ ਭਗਤ ਸਿੰਘ ਤੇ ਊਧਮ ਸਿੰਘ ਕਲੱਬ ਦੇ ਹਿੱਸੇ ਆਇਆ ਤੇ ਸੈਲਮਾ ਸਪੋਰਟਸ ਕਲੱਬ ਦੂਜੇ ਨੰਬਰ 'ਤੇ ਰਿਹਾ। ਆਲ ਓਪਨ ਮੁਕਾਬਲਿਆਂ ਵਿਚ ਪਹਿਲਾ ਸਥਾਨ ਬਾਬਾ ਦੀਪ ਸਿੰਘ ਯੰਗ ਸਪੋਰਟਸ ਕਲੱਬ ਅਤੇ ਦੂਜਾ ਸਥਾਨ ਯੁਨਾਈਟਡ ਸਪੋਰਟਸ ਕਲੱਬ ਨੂੰ ਮਿਲਿਆ। ਵੱਡੀਆਂ ਕਲੱਬਾਂ ਬੇਏਰੀਆ ਸਪੋਰਟਸ ਕਲੱਬ, ਯੰਗ ਸਪੋਰਟਸ ਕਬੱਡੀ ਕਲੱਬ, ਮੈਟਰੋ ਸਪੋਰਟਸ ਕਲੱਬ ਨਿਊਯਾਰਕ ਤੇ ਨਾਰਥ ਅਮੈਰਿਕਾ ਕਲੱਬ ਦੀਆਂ ਟੀਮਾਂ ਦਰਮਿਆਨ ਹੋਏ ਹਰ ਮੁਕਾਬਲੇ 'ਚ ਦਰਸ਼ਕਾਂ ਨੂੰ ਅੰਦਰ ਤੱਕ ਲੁਤਫ ਮਹਿਸੂਸ ਹੁੰਦਾ ਰਿਹਾ 'ਫੜ ਲਿਆ ਓਏ, ਭੱਜ ਗਿਆ ਓਏ, ਕਰਤੀ ਉਂਗਲ ਖੜੀ, ਜੋੜਤਾ ਪੁਆਇੰਟ ਹੀ' ਨਹੀਂ ਹੁੰਦੀ ਰਹੀ ਸਗੋਂ ਦਰਸ਼ਕਾਂ ਨੂੰ ਕੁਮੈਂਟੇਟਰ ਕਹਿੰਦੇ ਰਹੇ ਕਿ 'ਜੇ ਸੁਆਦ ਆ ਗਿਆ ਤਾਂ ਖੋਲ੍ਹ ਦਿਓ ਤਾੜੀਆਂ ਦੇ ਬੰਨ੍ਹ'। ਜਦ ਫਾਈਨਲ ਮੈਚ ਬੇਏਰੀਆ ਸਪੋਰਟਸ ਅਤੇ ਮੈਟਰੋ ਸਪੋਰਟਸ ਕਲੱਬ ਦਰਮਿਆਨ ਹੋਇਆ ਤਦ ਇਹ ਟੂਰਨਾਮੈਂਟ ਦੀ ਸਿਖਰ ਸੀ।

ਸ਼ਾਇਦ ਪੰਦਰਾਂ ਹਜ਼ਾਰ ਤੋਂ ਵੱਧ ਦਰਸ਼ਕਾਂ ਦਾ ਇਕੱਠ ਸਾਹ ਵੀ ਉੱਚੀ ਨਹੀਂ ਸੀ ਲੈ ਰਿਹਾ ਅਤੇ ਆਖਰੀ ਪਲ ਤੱਕ ਇਹ ਸੀ ਕਿ ਪਤਾ ਨਹੀਂ ਕੌਣ ਜਿੱਤੇਗਾ। ਆਖਰ ਬੇਏਰੀਆ ਸਪੋਰਟਸ ਕਲੱਬ ਨੇ 45-51 ਅੰਕਾਂ ਨਾਲ ਬਲਜੀਤ ਸੰਧੂ ਦੀ ਅਗਵਾਈ 'ਚ ਆਪਣੀਆਂ ਲਗਾਤਾਰ ਰਵਾਇਤੀ ਜਿੱਤਾਂ ਨੂੰ ਬਰਕਰਾਰ ਰੱਖਦਿਆਂ ਚੌਥੀ ਵਾਰ ਯੁਨਾਈਟਡ ਸਪੋਰਟਸ ਕਲੱਬ ਦਾ ਕੱਪ ਵੀ ਜਿੱਤ ਲਿਆ।

ਕਈਆਂ ਨੂੰ ਇਹ ਗੱਲ ਪੱਖਪਾਤੀ ਲੱਗੇਗੀ, ਕਈਆਂ ਨੂੰ ਚੰਗੀ ਲੱਗੇਗੀ, ਕਈਆਂ ਨੂੰ ਚੁੱਭੇਗੀ ਤੇ ਜਿਹੜੇ ਕੰਮ ਕਰਨ ਤੇ ਕੰਮ ਦਾ ਪੱਧਰ ਬਣਾਉਣ ਦਾ ਵਿਸ਼ਵਾਸ ਰੱਖਦੇ ਹਨ ਉਹ ਇਹ ਗੱਲ ਬਾਂਹ ਖੜੀ ਕਰਕੇ ਜ਼ਰੂਰ ਕਹਿਣਗੇ ਕਿ ਵਸਦੇ ਰਹੋ ਗਾਖਲ ਭਰਾਵੋ ਤੇ ਅਮੋਲਕ ਸਿੰਘ ਗਾਖਲ ਜ਼ਿੰਦਾਬਾਦ। ਕਿਉਂਕਿ ਹਰ ਨਿੱਕੇ ਤੋਂ ਨਿੱਕੇ ਪ੍ਰਬੰਧ ਨੂੰ ਆਪਣੀਆਂ ਸੂਖਮ ਨਜ਼ਰਾਂ ਵਿਚੋਂ ਲੰਘਾਉਣਾ, ਹਰ ਇਕ ਨੂੰ ਖੁਸ਼ ਕਰਨ ਦਾ ਯਤਨ ਕਰਨਾ, 'ਜੋ ਆਵੇ ਸੋ ਰਾਜੀ ਜਾਵੇ' ਦਾ ਸਿਧਾਂਤ ਅਪਣਾਉਣਾ, ਜੋ ਕਹਿਣਾ ਉਹ ਕਰਨਾ ਤੇ ਟੇਡੇ ਰਾਹਾਂ 'ਤੇ ਸਿੱਧਾ ਤੁਰ ਕੇ ਦਿਖਾਉਣਾ, ਸਿਰਫ ਅਮੋਲਕ ਸਿੰਘ ਗਾਖਲ ਨੂੰ ਹੀ ਆਉਂਦਾ ਹੈ। ਸ. ਮੱਖਣ ਸਿੰਘ ਬੈਂਸ, ਇਕਬਾਲ ਸਿੰਘ ਗਾਖਲ, ਤੀਰਥ ਸਿੰਘ ਗਾਖਲ ਤੇ ਕਬੱਡੀ ਕੱਪ ਦੇ ਰੱਥਵਾਨ ਅਮੋਲਕ ਸਿੰਘ ਗਾਖਲ ਦੀਆਂ ਅੱਖਾਂ 'ਚ ਜਜ਼ਬਾਤੀ ਅੱਥਰੂ ਕਬੱਡੀ ਕੱਪ ਦੀ ਸਫਲਤਾ ਦੇ ਚਮਕਦੇ ਸਿਗਨਲ ਸਨ। ਯੂਨਾਈਟਡ ਸਪੋਰਟਸ ਕਲੱਬ ਦੇ ਦੇਬੀ ਸੋਹਲ, ਇੰਦਰਜੀਤ ਥਿੰਦ, ਬਖਤਾਵਰ ਸਿੰਘ ਗਾਖਲ, ਗੋਪੀ ਗਾਖਲ, ਗਿਆਨੀ ਰਵਿੰਦਰ ਸਿੰਘ, ਬਲਵਿੰਦਰ ਸਿੰਘ ਗਾਖਲ, ਹਰਜਿੰਦਰ ਸਿੰਘ ਲੱਧੜ, ਅਮਨਦੀਪ ਸਿੰਘ, ਬਲਜਿੰਦਰ ਸਿੰਘ, ਕਿਰਨਦੀਪ, ਕਾਲਾ ਗਾਖਲ ਤੇ ਗੁਰਨਾਮ ਸਿੰਘ ਨੇ ਕਬੱਡੀ ਕੱਪ ਦੀ ਸਫਲਤਾ 'ਚ ਵਡਮੁੱਲਾ ਯੋਗਦਾਨ ਪਾਇਆ। ਹੜ ਪੀੜਤਾਂ ਅਤੇ ਕਰਜ਼ੇ ਦੇ ਭਾਰ ਨਾਲ ਆਤਮਹੱਤਿਆਵਾਂ ਕਰਨ ਵਾਲੇ ਕਿਸਾਨਾਂ ਦੇ ਪਰਿਵਾਰਾਂ ਦੀ ਮਦਦ ਲਈ ਸਹਾਇਤਾ ਸੰਸਥਾ ਵਲੋਂ ਡਾ. ਹਰਕੇਸ਼ ਸੰਧੂ ਅਤੇ ਸਰੂਪ ਝੱਜ ਦੀ ਅਗਵਾਈ 'ਚ ਲਗਾਏ ਬੂਥ 'ਤੇ ਸੰਗਤ ਨੇ ਵੱਡੀ ਮਾਲੀ ਮਦਦ ਦਿੱਤੀ।

### ਕੁਝ ਗੱਲਾਂ ਨੁਕਤਿਆਂ 'ਚ ਕਰਦੇ ਹਾਂ

ਕਬੱਡੀ ਕੱਪ ਨੂੰ ਵੱਡੀ ਵਿੱਤੀ ਮਦਦ ਦੇਣ ਵਾਲੇ ਇੰਦਰ ਦੁਸਾਂਝ ਰੁਝੇਵਿਆਂ ਕਾਰਨ ਪਹੁੰਚ ਨਹੀਂ ਸਕੇ।

ਡਾਇਮੰਡ ਸਪਾਂਸਰ ਸ. ਮਹਿੰਗਾ ਸਿੰਘ ਸਰਾਏ ਦਾ ਪਰਿਵਾਰ ਸਾਰਾ ਦਿਨ ਹਾਜ਼ਰ ਰਿਹਾ।

ਕਬੱਡੀ ਦੇ ਸਾਬਕ ਖਿਡਾਰੀ ਤੇ ਰਾਜਾ ਸਵੀਟਸ ਦੇ ਮੱਖਣ ਸਿੰਘ ਬੈਂਸ ਦੇ ਪਿਤਾ ਸ. ਮੇਜਰ ਸਿੰਘ ਬੈਂਸ ਵੀਲ੍ਹ ਚੇਅਰ 'ਤੇ ਸਾਰਾ ਦਿਨ ਕਬੱਡੀ ਕੱਪ 'ਚ ਮਾਣ ਸਨਮਾਨ ਅਤੇ ਅਸ਼ੀਰਵਾਦ ਦਿੰਦੇ ਰਹੇ।

ਇਕ ਦਰਜਨ ਦੇ ਕਰੀਬ ਸਟਿੱਲ ਕੈਮਰੇ, ਤਸਵੀਰਾਂ ਖਿੱਚਦੇ ਰਹੇ।

ਅੱਧੀ ਦਰਜਨ ਦੇ ਕਰੀਬ ਚੈਨਲਾਂ ਨੇ ਹਰ ਪਲ ਕੈਮਰੇ 'ਚ ਕੈਦ ਕੀਤਾ, ਜਸ ਪੰਜਾਬੀ, ਪੀ.ਟੀ.ਸੀ, ਗਰਵ ਪੰਜਾਬ ਇਸ ਕਬੱਡੀ ਕੱਪ ਨੂੰ ਘਰ ਬੈਠੇ ਦਰਸ਼ਕਾਂ ਤੱਕ ਲੈ ਕੇ ਜਾਂਦੇ ਰਹੇ।

ਵੇਰਕਾ ਵਾਲਿਆਂ ਨੇ ਏਨੀ ਲੱਸੀ ਲੰਗਰ 'ਚ ਵਰਤਾਈ ਕਿ ਸ਼ਾਇਦ ਪੰਜਾਬ ਦੇ ਦਸ ਪਿੰਡਾਂ ਵਿਚੋਂ ਵੀ ਏਨੀ ਲੱਸੀ ਇਕੱਠੀ ਕਰਨੀ ਔਖੀ ਹੋਵੇ।

ਲੰਗਰ ਦੇ ਪ੍ਰਬੰਧ ਦੇਖੋ, ਪੂਰੀਆਂ ਛੋਲੇ, ਜਲੇਬੀਆਂ, ਲੰਗਰ ਦੀ ਦਾਲ, ਫੁਲਕੇ, ਪਾਣੀ ਏਨੀ ਸੇਵਾ ਭਾਵਨਾ ਅਤੇ ਸ਼ਰਧਾ ਨਾਲ ਵਰਤਾਇਆ ਗਿਆ ਕਿ ਗੱਲ ਕਹਿਣ ਦੀ ਹੀ ਨਹੀਂ ਰਹੀ।

ਪਹਿਲੀ ਵਾਰ ਹੋਇਆ ਕਿ ਵੱਡੀ ਗਿਣਤੀ 'ਚ ਦਰਸ਼ਕਾਂ ਨੇ ਬਾਬੇ ਨਾਨਕ ਦੇ ਨਾਂ 'ਤੇ ਹੋਏ ਕਬੱਡੀ ਕੱਪ 'ਚ ਸ਼ਾਇਦ ਨਸ਼ਿਆਂ ਦਾ ਸੇਵਨ ਨਹੀਂ ਕੀਤਾ। ਸਥਾਨਕ ਪ੍ਰਸ਼ਾਸ਼ਨ ਭਰਵੀਂ ਹਾਜ਼ਰੀ ਲਗਵਾਉਂਦਾ ਰਿਹਾ।

ਫਰੀਮਾਂਟ ਦੀ ਮੇਅਰ ਲਿਲੀ ਮੀਅ, ਡਿਪਟੀ ਮੇਅਰ ਰਾਜ ਸਲਵਾਨ, ਫਰੀਮਾਂਟ ਦੀ ਕੌਂਸਲ ਵੋਮੈਨ ਟੈਰੇਸਾ ਕੈਂਗ, ਯੂਨੀਅਨ ਸਿਟੀ ਦੇ ਡਿਪਟੀ ਮੇਅਰ ਗੈਰੀ ਸਿੰਘ, ਸਿਟੀ ਮੈਨੇਜਰ ਯੁਆਂਗ ਮੈਲੋਏ, ਕੌਂਸਲਮੈਨ ਕੈਟ ਦਕਾਉਸ, ਯੂਨੀਅਨ ਸਕੂਲ ਬੋਰਡ ਦੀ ਪ੍ਰਧਾਨ ਸ਼ੈਰਨ ਕੌਰ, ਸਰਬਜੀਤ ਚੀਮਾ ਅਤੇ ਯੂਨੀਅਨ ਸਿਟੀ ਦੇ ਪੁਲਿਸ ਚੀਫ ਜੈਰਡ ਰੂਨਾਂਤੀ ਸਾਰਾ ਦਿਨ ਪੰਜਾਬੀਆਂ ਦੀ ਕਬੱਡੀ ਦੇਖਦੇ ਰਹੇ ਤੇ ਪ੍ਰਬੰਧਕਾਂ ਵਲੋਂ ਉਨ੍ਹਾਂ ਨੂੰ ਪੰਜਾਬੀਆਂ ਦੀ ਪਹਿਚਾਣ ਸ਼ਾਲ ਦੇ ਕੇ ਸਨਮਾਨਿਤ ਕੀਤਾ ਗਿਆ।

ਸਟੇਜ ਸੰਚਾਲਨ ਆਸ਼ਾ ਸ਼ਰਮਾ ਤੇ ਐੱਸ.ਅਸ਼ੋਕ ਭੌਰਾ ਕੋਲ ਰਿਹਾ। ਸ਼ਾਇਦ ਇਹ ਵੀ ਇਕ ਇਤਿਹਾਸ ਸੀ ਕਿ ਮੱਖਣ ਅਲੀ, ਕਾਲਾ ਰਛੀਨ ਤੇ ਪਿਰਤਾ ਚੀਮਾ ਨੇ ਏਸ਼ੀਅਨ ਅਤੇ ਉਲੰਪਿਕ ਖੇਡਾਂ ਵਰਗੀ ਕੁਮੈਂਟਰੀ ਕੀਤੀ।

ਰੇਡ ਤੇ ਇਕ ਸਟਾਪਰ ਤੇ ਦੂਜਾ ਅਤੇ ਕ੍ਰਿਸ਼ਮਿਆਂ ਨੂੰ ਸਾਹਿਤਕ ਤੇ ਸੰਗੀਤਕ ਸ਼ੈਲੀ 'ਚ ਪੇਸ਼ ਕਰਕੇ ਕਬੱਡੀ ਕੱਪ ਨੂੰ ਨਵਾਂ ਰੰਗ ਦਿੱਤਾ।

ਨਿਊਯਾਰਕ ਤੋਂ ਸਬਜ਼ੀ ਮੰਡੀ ਵਾਲਾ ਜਗੀਰ ਸਿੰਘ ਆਇਆ, ਯੂਬਾ ਸਿਟੀ ਤੋਂ ਭਜਨ ਸਿੰਘ ਥਿਆੜਾ ਤੇ ਕੁਲਦੀਪ ਸਿੰਘ ਸਹੋਤਾ, ਕਬੱਡੀ ਕੱਪਾਂ ਦਾ ਪੁਰਾਣਾ ਧੁਨੰਤਰ ਪੰਮਾ ਦਿਓਲ, ਸ਼ਿਕਾਗੋ ਤੋਂ ਹੈਪੀ ਹੀਰ, ਡਾਕਟਰ ਖਹਿਰਾ ਤੇ ਉਹਨਾਂ ਦੀ ਟੀਮ, ਨਿਊਯਾਰਕ ਤੋਂ ਮੱਖਣ ਸੰਧੂ, ਕਾਬਲ ਸਿੰਘ ਤੇ ਤਾਰੀ ਸੰਮੀਪੁਰੀਆ, ਮੀਡੀਆ 'ਚ ਗਰਵ ਪੰਜਾਬ ਤੋਂ ਜਗਦੇਵ ਭੰਡਾਲ, ਜਸ ਪੰਜਾਬੀ ਤੋਂ ਸੀ.ਈ.ਓ ਪੈਨੀ ਸੰਧੂ, ਜਗਤਾਰ ਜੱਗੀ, ਪੀ.ਟੀ.ਸੀ ਤੋਂ ਸੰਜੀਵ ਕੁਮਾਰ, ਸਾਡੇ ਲੋਕ ਤੋਂ ਸਤਨਾਮ ਸਿੰਘ ਖਾਲਸਾ, ਰੇਡੀਓ ਮਿਰਚੀ ਤੇ ਕਾਫਲਾ ਤੋਂ ਐੱਸ.ਪੀ. ਸਿੰਘ, ਦੇਸ਼ ਦੁਆਬਾ ਤੋਂ ਪ੍ਰੇਮ ਚੁੰਬਰ, ਪੰਜਾਬ ਮੇਲ ਤੋਂ ਗੁਰਜਤਿੰਦਰ ਰੰਧਾਵਾ, ਪ੍ਰਦੇਸ ਟਾਈਮਜ਼ ਤੋਂ ਬਲਵੀਰ ਸਿੰਘ ਐੱਮ.ਏ ਹਾਜ਼ਰ ਰਹੇ। ਇੰਡੋ ਕੈਨੇਡੀਅਨ ਤੋਂ ਕੌਮਾਂਤਰੀ ਫੋਟੋਗ੍ਰਾਫਰ ਸੰਤੋਖ ਸਿੰਘ ਮੰਡੇਰ ਨੇ ਆਪਣੇ ਪੰਜ-ਪੰਜ ਕਿਲੋ ਦੇ ਕੈਮਰਿਆਂ ਨਾਲ ਕਬੱਡੀ ਕੱਪ ਦੇ ਹਰ ਮਹੱਤਵਪੂਰਨ ਦ੍ਰਿਸ਼ਾਂ ਨੂੰ ਕੈਦ ਕੀਤਾ।

ਵੇਖੋ ਪਾਲੇ ਜਲਾਲਪੁਰੀਆ ਨੇ ਕਮਾਲਾਂ ਕੀਤੀਆਂ, ਸੁਲਤਾਨ ਫੜਿਆ ਨਹੀਂ ਗਿਆ, ਮੈਕਸੀਨ ਭਰਾ ਜੈਰੋ ਤੇ ਐਰੋ ਪਾਲੇ ਨੇ ਪੂਰੀ ਤਰ੍ਹਾਂ ਚੱਲਣ ਨਹੀਂ ਦਿੱਤੇ, ਸੁਲਤਾਨ ਤੇ ਦੂਲਾ ਆਪਣੇ ਨਾਵਾਂ ਦੀ ਪੂਰੀ ਲੱਜ ਵਿਖਾ ਗਏ, ਚੀਮਿਆ ਵਾਲਾ ਲੱਖਾ...ਤਾਸ਼ਪੁਰੀਆ ਬਚਿੱਤਰ, ਬੇਨੜੇ ਤੋਂ ਨਿੰਦੀ, ਸੁਰਖਪੁਰੀਆ ਯਾਦਾ, ਮੀਆਂਵਿੰਡ ਦਾ ਕਾਲਾ, ਜੰਡੀ ਦਾ ਭੋਲਾ, ਧਨੋਏ ਵਾਲਾ ਭੂਰਾ ਅਤੇ ਰਾਜੂ ਜਦੋਂ ਕਬੱਡੀ 'ਚ ਕਮਾਲਾਂ ਕਰਦੇ ਰਹੇ ਤਾਂ ਮਾਈਕ ਤੋਂ ਚਟਕਾਰੀਆਂ ਲੱਗਦੀਆਂ ਰਹੀਆਂ 'ਚਿੱਟੀਆਂ ਕਪਾਹ ਦੀਆਂ ਫੁੱਟੀਆਂ ਹਾਏ ਨੀ ਪਤ ਹਰੇ ਹਰੇ'। ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਉਹ ਵਿਸ਼ਵਾਸ ਰੱਖਦੇ ਨੇ ਕਿ ਗਲਾਸ ਭਰਿਆ ਹੀ ਦਿਖਣਾ ਚਾਹੀਦਾ ਹੈ ਊਣਾ ਨਹੀਂ। ਉਹ ਕਬੱਡੀ ਨੂੰ ਬੰਦ ਨਹੀਂ ਕਰਨਗੇ, ਕਬੱਡੀ ਨੂੰ ਸ਼ਿੰਗਾਰਨਗੇ, ਗਿਲੇ ਸ਼ਿਕਵੇ ਦੂਰ ਕਰਨਗੇ ਅਤੇ ਇਸ ਵਾਰ ਆਪਣੇ ਮਹਾਨ ਸਪਾਂਸਰਾਂ ਦੀ ਮਦਦ ਨਾਲ ਉਨ੍ਹਾਂ ਨੇ ਦਾਅਵੇ ਤੇ ਵਾਅਦੇ ਮੁਤਾਬਿਕ ਸਿਹਤਮੰਦ ਕਬੱਡੀ, ਡਰੱਗ ਮੁਕਤ ਕਬੱਡੀ ਵਿਖਾ ਕੇ ਦਰਸ਼ਕਾਂ ਨੂੰ ਇਹ ਚੇਤਾ ਹੀ ਭੁਲਾ ਦਿੱਤਾ ਕਿ ਕਬੱਡੀ 'ਤੇ ਵੀ ਕੋਈ ਗਿਲਾ ਸ਼ਿਕਵਾ ਹੁੰਦਾ ਸੀ। ਭਵਿੱਖ 'ਚ ਸ਼ਾਇਦ ਏਡੀ ਵੱਡੀ ਸਫਲਤਾ ਵਾਲਾ ਵਿਸ਼ਵ ਕੱਪ ਕਰਵਾਉਣਾ ਕਿਸੇ ਲਈ ਤਾਂ ਕੀ ਇਹਨਾਂ ਪ੍ਰਬੰਧਕਾਂ ਲਈ ਔਖਾ ਹੀ ਹੋਵੇਗਾ।

## ਫਰਿਜਨੋ ਵਿਖੇ ਹੋਈ 5ਕੇ ਰੇਸ ਵਿੱਚ ਪੰਜਾਬੀਆਂ ਨੇ ਗੱਡੇ ਝੰਡੇ

**ਫਰਿਜਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਸਥਾਨਿਕ ਵੁੱਡਵੁਰਡ ਪਾਰਕ ਵਿੱਚ ਲੰਘੇ ਐਤਵਾਰ





ਮੈਕਸੀਕਨ ਅਜ਼ਾਦੀ ਦਿਹਾੜੇ ਨੂੰ ਮੁੱਖ ਰੱਖਕੇ 5 ਕੇ ਰੇਸ ਕਰਵਾਈ ਗਈ। ਇਸ ਰੇਸ ਵਿੱਚ ਵੱਡੀ ਗਿਣਤੀ ਵਿੱਚ ਸਾਰੇ ਕੈਲੇਫੋਰਨੀਆਂ ਤੋਂ ਦੌੜਾਕਾਂ ਨੇ ਹਿੱਸਾ ਲਿਆ। ਇਸ ਮੌਕੇ ਹੋਈ ਇੱਕ ਮੀਲ ਮੈਰਾਥਾਨ ਦੌੜ ਵਿੱਚ ਫਰਿਜਨੋ ਨਿਵਾਸੀ ਦੋ ਪੰਜਾਬੀ ਚੋਬਰਾਂ ਨੇ ਵੀ ਭਾਗ ਲਿਆ 'ਤੇ ਇਸ ਦੌੜ ਵਿੱਚ ਕਮਲਜੀਤ ਸਿੰਘ ਬੈਨੀਪਾਲ ਨੇ ਗੋਲ਼ਡ ਅਤੇ ਹਰਦੀਪ ਸਿੰਘ ਸੰਘੇੜਾ ਨੇ ਸਿਲਵਰ ਮੈਡਲ ਆਪਣੇ ਨਾਮ ਕੀਤਾ। ਪੱਤਰਕਾਰਾਂ ਨਾਲ ਗੱਲ-ਬਾਤ ਦੌਰਾਨ ਕਮਲਜੀਤ ਬੈਨੀਪਾਲ ਨੇ ਦੱਸਿਆ ਕਿ ਉਹਨਾਂ ਨੇ 6 ਮਿੰਟ ਵਿੱਚ ਰੇਸ ਪੂਰੀ ਕਰਕੇ ਇੱਕ ਰਿਕਾਰਡ ਬਣਾਇਆ 'ਤੇ ਦੂਸਰੇ ਪਾਸੇ ਹਰਦੀਪ ਸੰਘੇੜੇ ਨੇ ਇਹ ਰੇਸ ਸਾਢੇ ਛੇ ਮਿੰਟ ਵਿੱਚ ਪੂਰੀ ਕਰਕੇ ਚਾਂਦੀ ਦਾ ਮੈਡਲ ਆਪਣੇ ਨਾਮ ਕੀਤਾ।

ਇਸ ਤੋਂ ਬਿਨਾਂ ਕਮਲਜੀਤ ਬੈਨੀਪਾਲ ਕੈਲੇਫੋਰਨੀਆਂ ਦੀਆਂ ਹੋਰ ਵੀ ਬਹੁਤ ਸਾਰੀਆਂ ਮੈਰਾਥਾਨ ਵਿੱਚ ਹਿੱਸਾ ਲੈਕੇ ਪੰਜਾਬੀ ਭਾਈਚਾਰੇ ਦਾ ਨਾਮ ਸਟੇਟ ਲੈਵਲ ਤੇ ਚਮਕਾ ਚੁਕਿਆ ਹੈ।

## ਅਮਰਜੀਤ ਸਿੰਘ ਬਰਾੜ ਦਾ ਫਰਿਜ਼ਨੋ ਵਿਖੇ ਵਿਸ਼ੇਸ਼ ਸਨਮਾਨ



**ਫਰਿਜਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਸ. ਅਮਰਜੀਤ ਸਿੰਘ ਬਰਾੜ ਰਾਜੇਆਣਾ ਮੀਤ ਪ੍ਰਧਾਨ ਆੜਤੀਆ ਐਸੋਸੀਏਸ਼ਨ ਪੰਜਾਬ ਅੱਜ-ਕੱਲ੍ਹ ਆਪਣੀ ਕੈਲੇਫੋਰਨੀਆਂ ਫੇਰੀ 'ਤੇ ਹਨ ਅਤੇ ਉਹ ਵੇਖੋ ਵੱਖ ਸ਼ਹਿਰਾਂ ਵਿੱਚ ਆਪਣੇ ਚਹੁਣ ਵਾਲ਼ਿਆ ਦੇ ਰਬਰੂ ਹੋ ਰਹੇ ਹਨ। ਇਸੇ ਕੜੀ ਤਹਿਤ ਉਹਨਾਂ ਦਾ ਫਰਿਜਨੋ ਦੇ ਮਸ਼ਹੂਰ ਇੰਡੀਆ ਓਵਨ ਰੈਸਟੋਰਿੰਟ ਵਿੱਚ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਲੋਕਾਂ ਨੇ ਪਹੁੰਚਕੇ ਆਪਣੇ ਮਹਿਬੂਬ ਲੀਡਰ ਦੇ ਵਿਚਾਰ ਸੁਣੇ 'ਤੇ ਉਹਨਾਂ ਨੂੰ ਜੀ ਆਇਆ ਕਿਹਾ। ਇਸ ਮੌਕੇ ਸ਼ਾਇਰ ਰਣਜੀਤ ਗਿੱਲ ਨੇ ਪੰਜਾਬ ਦੀ ਫਿਕਰਮੰਦੀ ਪ੍ਰਗਟਾਉਂਦੀ ਕਵਿਤਾ ਪੜੀ। ਉਹਨਾ ਕਿਹਾ ਕਿ ਫਰਿਜਨੋ ਨਿਵਾਸੀ ਇਹ ਨਹੀ ਵੇਖਦੇ ਕਿ ਕਿਹੜਾ ਲੀਡਰ ਕਿਹੜੀ ਪਾਰਟੀ ਨਾਲ ਨਾਤਾ ਰੱਖਦਾ, ਬਲਕਿ ਅਸੀ ਪਾਰਟੀ ਬਾਜੀ ਤੋ ਉਪਰ ਉੱਠਕੇ ਲੀਡਰ ਦੇ ਕੰਮਾਂ ਦੀ ਕਦਰ ਕਰਦੇ ਹਾਂ। ਅਮਰਜੀਤ ਸਿੰਘ ਰਾਜੇਆਣਾ ਨੇ ਪਰਵਾਸੀ ਪੰਜਾਬੀਆਂ ਦੀ ਤਰੀਫ਼ ਕਰਦਿਆਂ ਕਿਹਾ ਕਿ ਮੈਨੂੰ ਇਥੇ ਆਕੇ ਇਹ ਵੇਖਕੇ ਬੜੀ ਖ਼ੁਸ਼ੀ ਹੋਈ ਕਿ ਪੰਜਾਬੀਆਂ ਨੇ ਹਰ ਖੇਤਰ ਵਿੱਚ ਮੱਲਾਂ ਮਾਰੀਆਂ ਨੇ, ਉਹ ਬੇਸ਼ੱਕ ਵਸਦੇ ਅਮਰੀਕਾ ਨੇ ਲੇਕਿਨ ਉਹਨਾਂ ਦਿਲ ਦਿਲ ਪੰਜਾਬ ਅੰਦਰ ਧੜਕਦਾ ਹੈ। ਇਸ ਮੌਕੇ ਉਹਨਾਂ ਪਤਵੰਦੇ ਸੱਜਣਾਂ ਦਾ ਉਹਨਾਂ ਨੂੰ ਮਾਣ ਸਨਮਾਨ ਦੇਣ ਲਈ ਸ਼ੁਕਰੀਆ ਅਦਾ ਕੀਤਾ। ਇਸ ਪ੍ਰਗ੍ਰਾਮ ਨੂੰ ਉਲੀਕਣ ਦਾ ਸਿਹਰਾ ਨਿਊ ਸਵੀਟ ਐਂਡ ਸਪਾਈਸ ਵਾਲੇ ਜਸਵਿੰਰ ਸਿੰਘ, ਜੰਗੀਰ ਸਿੰਘ ਗਿੱਲ, ਪੰਮਾ ਸੈਦੋਕੇ ਅਦਿ ਸੱਜਣਾ ਸਿਰ ਜਾਂਦਾ ਹੈ।




# ਸ੍ਰੀ ਗੁਰੂ ਰਵਿਦਾਸ ਯੂਬਾ ਸਿਟੀ ਵਿਖੇ ਬਾਬਾ ਬੁੱਢਾ ਜੀ (ਗ੍ਰੰਥੀ ਦਿਵਸ) ਮਨਾਇਆ








**ਯੂਬਾ ਸਿਟੀ (ਬਿਊਰੋ)–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧ ਸੰਗਤ ਜੀ ਵੱਲੋਂ ਧੰਨ ਧੰਨ ਬਾਬਾ ਬੁੱਢਾ ਜੀ (ਗ੍ਰੰਥੀ ਦਿਵਸ) ਧੰਨ ਧੰਨ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਪਾਵਨ ਪਵਿੱਤਰ ਛਤਰ ਛਾਇਆ ਹੇਠ ਮਿਤੀ 13, 14, 15 ਸਤੰਬਰ 2019 ਨੂੰ ਬੜੀ ਧੂੰਮ ਧਾਮ ਨਾਲ ਮਨਾਇਆ ਗਿਆ, ਜਿਸ ਵਿਚ 13 ਸਤੰਬਰ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ, ਜਿਹਨਾਂ ਦੇ ਭੋਗ ਮਿਤੀ 15 ਸਤੰਬਰ ਦਿਨ ਐਤਵਾਰ ਨੂੰ ਪਾਏ ਗਏ। ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਭਾਈ ਗੁਰਦਿਆਲ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਕ੍ਰਿਸ਼ਨ ਸਿੰਘ ਜੀ ਨੇ ਬਾਬਾ ਬੁੱਢਾ ਜੀ ਦੇ ਜੀਵਨ ਤੇ ਕਥਾ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਗੁਰਦੀਪ ਸਿੰਘ ਹੀਰਾ ਨੇ ਆਪਣੀਆਂ ਕਵਿਤਾਵਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਸਟੇਜ ਸੈਕਟਰੀ ਦੀ ਸੇਵਾ ਸ੍ਰੀ ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ ਗੁਰੂ ਘਰ) ਜੀ ਨੇ ਨਿਭਾਈ। ਇਸ ਸਮਾਗਮ ਵਿਚ ਬਹੁਤ ਵੱਡੀ ਗਿਣਤੀ ਵਿਚ ਸੰਗਤਾਂ ਨੇ ਗੁਰੂ ਘਰ ਵਿਚ ਹਾਜ਼ਰੀ ਲਗਵਾਈ। ਸ. ਬਖਸ਼ੀਸ਼ ਸਿੰਘ ਜੀ, ਬੀਬੀ ਸਤਵੰਤ ਕੌਰ ਪਰਿਵਾਰ, ਧਾਮੀ ਪਰਿਵਾਰ, ਸ੍ਰੀ ਰਾਜ ਕੁਮਾਰ ਵੱਲੋਂ ਲੰਗਰਾਂ ਦੀ ਸੇਵਾ ਕੀਤੀ ਗਈ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸੇਵਕ ਪਰਿਵਾਰਾਂ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

ਗੁਰੂ ਘਰ ਦੇ ਬੜੇ ਸ਼ਰਧਾਲੂ ਪਰਿਵਾਰ ਸ. ਰਣਜੀਤ ਸਿੰਘ ਜੀ, ਬੀਬੀ ਜਸਵਿੰਦਰ ਕੌਰ ਜੀ ਪਰਿਵਾਰ ਵੱਲੋਂ ਸ੍ਰੀ ਸੁਖਮਨ. ਸਾਹਿਬ ਜੀ ਦੇ ਪਾਠ ਅਤੇ ਲੰਗਰਾਂ ਦੀ ਸੇਵਾ ਮਿਤੀ 22 ਸਤੰਬਰ ਦਿਨ ਐਤਵਾਰ ਨੂੰ ਕੀਤੀ ਜਾ ਰਹੀ ਹੈ। ਪਰਿਵਾਰ ਵੱਲੋਂ ਸਭ ਸੰਗਤਾਂ ਨੂੰ ਬੇਨਤੀ ਹੈ ਕਿ ਇਸ ਸਮਾਗਮ ਵਿਚ ਹਾਜ਼ਰੀ ਲਗਵਾ ਕੇ ਜੀਵਨ ਸਫਲਾ ਕਰੋ ਜੀ।





# ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਯੂਨਾਈਟਿਡ ਸਪੋਰਟਸ ਕਲੱਬ, ਕੈਲੇਫੋਰਨੀਆ ਵੱਲੋਂ ਸਫਲਤਾ ਪੂਰਵਕ ਸ਼ਾਨਦਾਰ ਕਰਵਾਏ ਗਏ 15ਵੇਂ ਵਿਸ਼ਵ ਕਬੱਡੀ ਕੱਪ ਟੂਰਨਾਮੈਂਟ ਦੀਆਂ "ਰਾਜਾ ਸਵੀਟਸ ਐਂਡ ਕੇਟਰਿੰਗ" ਯੂਨੀਅਨ ਸਿਟੀ ਵੱਲੋਂ ਲੱਖ-ਲੱਖ ਵਧਾਈਆਂ



All pictures by Prem Kumar Chumber www.ambedkartimes.com

ਟੂਰਨਾਮੈਂਟ ਦੇ ਉਦਘਾਟਨੀ ਸਮਾਰੋਹ ਦਰਮਿਆਨ ਰਾਜਾ ਸਵੀਟਸ ਦੇ ਮਾਲਕ ਸ. ਮੱਖਣ ਸਿੰਘ ਬੈਂਸ (ਚੇਅਰਮੈਨ) ਦੇ ਪਿਤਾ ਜੀ ਸ. ਮੇਜਰ ਸਿੰਘ ਬੈਂਸ ਰਿਬਨ ਕੱਟਦੇ ਹੋਏ। ਨਾਲ ਖੜ੍ਹੇ ਹਨ ਸ. ਅਮੋਲਕ ਸਿੰਘ ਗਾਖਲ (ਸਰਪ੍ਰਸਤ), ਮੱਖਣ ਸਿੰਘ ਬੈਂਸ, ਜੁਗਰਾਜ ਸਿੰਘ ਸਹੋਤਾ (ਪ੍ਰਧਾਨ), ਗਿਆਨੀ ਰਵਿੰਦਰ ਸਿੰਘ ਅਤੇ ਪ੍ਰਬੰਧਕ ਕਮੇਟੀ ਅਤੇ ਹੋਰ ਪਤਵੰਤੇ ਸੱਜਣ।





ਸ. ਮੱਖਣ ਸਿੰਘ ਬੈਂਸ ਨਾਲ ਰਾਜਾ ਸਵੀਟਸ ਦੇ ਸਟਾਫ ਮੈਂਬਰ





ਗਿਆਨੀ ਰਵਿੰਦਰ ਸਿੰਘ ਅਤੇ ਪ੍ਰਧਾਨ ਜੁਗਰਾਜ ਸਿੰਘ ਸਹੋਤਾ



"ਰਾਜਾ ਸਵੀਟਸ" ਵੱਲੋਂ ਗਰਮਾ-ਗਰਮ ਚਾਹ, ਜਲੇਬੀਆਂ ਅਤੇ ਲੰਗਰ ਦੀ ਸੇਵਾ ਕੀਤੀ ਗਈ, ਜਲੇਬੀਆਂ ਅਤੇ ਪਕੌੜੇ ਤਿਆਰ ਕਰਦੇ ਹੋਏ ਗਿਆਨੀ ਰਵਿੰਦਰ ਸਿੰਘ

Raja
SWEETS & CATERING
AUTHORIZED CATERER FOR
MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

RAJA SWEETS & CATERING
WORK (510) 489-9100
CELL (510) 715-1619

www.rajasweets.com
Find us on: facebook. rajasweetsandcatering
Follow us on Twitter rajasweets

## ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਯੂਨਾਈਟਿਡ ਸਪੋਰਟਸ ਕਲੱਬ, ਕੈਲੇਫੋਰਨੀਆ ਵੱਲੋਂ ਸਫਲਤਾ ਪੂਰਵਕ ਸ਼ਾਨਦਾਰ ਕਰਵਾਏ ਗਏ 15ਵੇਂ ਵਿਸ਼ਵ ਕਬੱਡੀ ਕੱਪ ਟੂਰਨਾਮੈਂਟ ਦੀਆਂ "ਰਾਜਾ ਸਵੀਟਸ ਐਂਡ ਕੇਟਰਿੰਗ" ਯੂਨੀਅਨ ਸਿਟੀ ਵੱਲੋਂ ਪ੍ਰਬੰਧਕ, ਸਪਾਂਸਰਾਂ ਅਤੇ ਦਰਸ਼ਕਾਂ ਅਤੇ ਪ੍ਰਸ਼ੰਸਕਾਂ ਨੂੰ ਲੱਖ-ਲੱਖ ਵਧਾਈਆਂ



























All pictures by Prem Kumar Chumber www.ambedkartimes.com

# ਆਪਣਾ ਪੰਜਾਬ ਸਪੋਰਟਸ ਐਸੋਸੀਏਸ਼ਨ, ਕੈਲੇਫੋਰਨੀਆ




ਮਰਹੂਮ ਸ. ਸੰਤੋਖ ਸਿੰਘ ਤੱਖਰ

ਯੂਨਾਈਟਿਡ ਸਪੋਰਟਸ ਕਲੱਬ, ਕੈਲੇਫੋਰਨੀਆ (ਅਮਰੀਕਾ) ਵੱਲੋਂ ਯੂਨੀਅਨ ਸਿਟੀ ਵਿਖੇ ਕਰਵਾਏ ਗਏ ਸ਼ਾਨਦਾਰ 15ਵੇਂ ਵਿਸ਼ਵ ਕਬੱਡੀ ਕੱਪ ਟੂਰਨਾਮੈਂਟ ਦੌਰਾਨ "ਆਪਣਾ ਪੰਜਾਬ ਸਪੋਰਟਸ ਐਸੋਸੀਏਸ਼ਨ, ਕੈਲੇਫੋਰਨੀਆ" ਦੇ ਮਰਹੂਮ ਸ. ਸੰਤੋਖ ਸਿੰਘ ਤੱਖਰ ਦੀ ਨਿੱਘੀ ਯਾਦ ਵਿਚ ਟੂਰਨਾਮੈਂਟ ਦੀ ਦੂਜੇ ਨੰਬਰ ਤੇ ਜੇਤੂ ਟੀਮ ਨੂੰ ਅਵਾਰਡ ਪ੍ਰਦਾਨ ਕੀਤਾ ਗਿਆ। ਇੱਥੇ ਵਰਣਨਯੋਗ ਹੈ ਕਿ ਸ. ਸੰਤੋਖ ਸਿੰਘ ਤੱਖਰ "ਆਪਣਾ ਪੰਜਾਬ ਸਪੋਰਟਸ ਐਸੋਸੀਏਸ਼ਨ" ਦੇ ਬਹੁਤ ਹੀ ਸਰਗਰਮ ਮੈਂਬਰ ਅਤੇ ਆਪਣੀ ਮਾਂ-ਬੋਲੀ ਪੰਜਾਬੀ, ਸਭਿਆਚਾਰ ਅਤੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਰਹਿਤ ਰਿਸ਼ਟ-ਪੁਸ਼ਟ ਰੱਖਣ ਲਈ ਖੇਡਾਂ ਨੂੰ ਬਹੁਤ ਤਰਜੀਹ ਦਿੰਦੇ ਸਨ।











All pictures by Prem Kumar Chumber
www.ambedkartimes.com





ਕਸ਼ਮੀਰ ਸਿੰਘ ਧੁੱਗਾ, ਜਤਿੰਦਰ ਸਿੰਘ ਤੱਖਰ, ਜਸਵਿੰਦਰ ਸਿੰਘ ਤੱਖਰ, ਹਰਬਿੰਦ ਸਿੰਘ ਤੱਖਰ, ਅਵਤਾਰ ਸਿੰਘ ਤਾਰੀ, ਮਾਲਵਿੰਦਰ ਸਿੰਘ ਚਾਹਲ, ਜਸਵੰਤ ਸਿੰਘ ਸਰਾਂ, ਮਹਿੰਗਾ ਸਿੰਘ ਸਰਪੰਚ, ਕਮਲਜੀਤ ਸਿੰਘ ਅਟਵਾਲ, ਬਿਕਰਮਜੀਤ ਸਿੰਘ, ਮਨਜੀਤ ਸਿੰਘ ਵਿਰਕ, ਦਰਸ਼ਨ ਸਿੰਘ ਔਜਲਾ, ਰਣਬੀਰ ਸਿੰਘ ਘੋਲੀਆ, ਕੁਲਦੀਪ ਸਿੰਘ ਬੰਗਾ, ਮਨਜੀਤ ਸਿੰਘ ਸੰਧੂ, ਮਲਕੀਤ ਸਿੰਘ ਸੇਖੋਂ, ਕਵੀ ਰਾਜ ਸਿੰਘ, ਗੁਰਿੰਦਰ ਸਿੰਘ ਪੁਰੇਵਾਲ, ਬਲਜਿੰਦਰ ਸਿੰਘ, ਕੈਮ ਗਿੱਲ, ਜੋਹਨਪਾਲ ਸਿੰਘ, ਮਨਜੀਤ ਸਿੰਘ ਗਿੱਲ

# ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਯੂਨੀਅਨ ਸਿਟੀ ਦਾ 15ਵਾਂ ਵਿਸ਼ਵ ਕਬੱਡੀ ਕੱਪ ਵਿਲੱਖਣ ਇਤਿਹਾਸ ਸਿਰਜ ਗਿਆ


















All pictures by Prem Kumar Chumber
www.ambedkartimes.com




























# ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ 13 ਅਕਤੂਬਰ 2019 ਦਿਨ ਐਤਵਾਰ ਨੂੰ



**ਗੁਰੂ ਪਿਆਰੀ ਸਾਧ ਸੰਗਤ ਜੀਓ**

ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਵੱਲੋਂ ਆਪ ਸਭ ਦੇ ਚਰਨਾਂ 'ਚ ਨਿਮਰਤਾ ਸਹਿਤ ਬੇਨਤੀ ਹੈ ਕਿ ਹਰ ਸਾਲ ਵਾਂਗ ਇਸ ਸਾਲ ਵੀ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਆਪ ਸਭ ਸੰਗਤਾਂ ਦੇ ਸਹਿਯੋਗ ਅਤੇ ਪਿਆਰ ਨਾਲ, ਮਹਾਂਰਿਸ਼ੀ ਵਾਲਮੀਕ ਟੈਂਪਲ 84/86 ਪਰਸੀ ਐਵਨਿਊ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ 13 ਅਕਤੂਬਰ 2019 ਦਿਨ ਐਤਵਾਰ ਨੂੰ ਬਹੁਤ ਹੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ।

ਮਹਾਂਰਿਸ਼ੀ ਵਾਲਮੀਕ ਸੰਗੀਤ ਮੰਡਲੀ ਤੇ ਹੋਰ ਪ੍ਰਸਿੱਧ ਕਲਾਕਾਰ ਭਗਵਾਨ ਵਾਲਮੀਕ ਜੀ ਦਾ ਸ਼ਬਦ ਗੁਣਗਾਨ ਕਰਕੇ ਅਤੇ ਕਥਾਵਾਚਕ ਕਥਾ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ।

## ਪ੍ਰੋਗਰਾਮ ਦਾ ਵੇਰਵਾ

| | | |
|---|---|---|
| ਆਰੰਭ ਪਾਠ ਸ੍ਰੀ ਰਮਾਇਣ ਸਾਹਿਬ<br>11 ਅਕਤੂਬਰ 2019, ਦਿਨ ਸ਼ੁੱਕਰਵਾਰ<br>ਸਵੇਰੇ 10 ਵਜੇ | ਨਿਸ਼ਾਨ ਸਾਹਿਬ ਚੜ੍ਹਾਏ ਜਾਣਗੇ<br>12 ਅਕਤੂਬਰ 2019 ਦਿਨ ਸ਼ਨਿੱਚਰਵਾਰ<br>ਸਵੇਰੇ 11.00 ਵਜੇ | ਪਾਠ ਦੇ ਭੋਗ<br>13 ਅਕਤੂਬਰ 2019 ਦਿਨ ਐਤਵਾਰ<br>ਸਵੇਰੇ 11.00 ਵਜੇ |

**12 ਵਜੇ ਤੋਂ ਸ਼ਾਮ 4 ਵਜੇ ਤੱਕ ਗੀਤ ਸੰਗੀਤ, ਕਥਾ ਤੇ ਬੁਲਾਰੇ ਆਪਣੇ ਵਿਚਾਰ ਸਾਂਝੇ ਕਰਨਗੇ। ਤਿੰਨੇ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਣਗੇ।**

ਸਮੂਹ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਪ੍ਰਗਟ ਦਿਵਸ ਦੇ ਪ੍ਰੋਗਰਾਮ 'ਚ ਤਿੰਨੇ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ (11, 12 ਅਤੇ 13 ਅਕਤੂਬਰ) ਨੂੰ ਪਰਿਵਾਰਾਂ ਸਮੇਤ ਪਹੁੰਚ ਕੇ ਪ੍ਰਗਟ ਦਿਵਸ ਦੀਆਂ ਖੁਸ਼ੀਆਂ ਮਨਾਉਂਦੇ ਹੋਏ ਗੁਰੂ ਚਰਨਾਂ 'ਚ ਹਾਜ਼ਰੀਆਂ ਲਗਵਾ ਕੇ ਆਸ਼ੀਰਵਾਦ ਪ੍ਰਾਪਤ ਕਰੋ ਜੀ।

## ਦਾਨੀ ਪਰਿਵਾਰਾਂ ਨੂੰ ਬੇਨਤੀ ਹੈ ਕਿ ਮੰਦਰ ਦੀ ਡਿਵੈਲਪਮੈਂਟ ਲਈ ਵੱਧ ਤੋਂ ਵੱਧ ਯੋਗਦਾਨ ਪਾਓ ਜੀ।

**ਸੇਵਾਦਾਰ:-** ਪ੍ਰੇਮ ਸੌਂਧੀ (ਪ੍ਰਧਾਨ), ਸੰਤੋਖ ਸਿੰਘ ਗਿੱਲ (ਸੀਨੀਅਰ ਵਾਈਸ ਪ੍ਰਧਾਨ), ਕੁਲਦੀਪ ਥਾਪਰ (ਮੀਤ ਪ੍ਰਧਾਨ), ਪਲਵਿੰਦਰ ਸਿੰਘ ਸਹੋਤਾ (ਸੀਨੀਅਰ ਵਾਈਸ ਚੇਅਰਮੈਨ), ਅਵਿਨਾਸ਼ ਸੋਂਦੀ (ਵਾਈਸ ਚੇਅਰਮੈਨ), ਬਲਵੀਰ ਧਾਰੀਵਾਲ (ਜਨਰਲ ਸਕੱਤਰ), ਵਿਸ਼ਾਲ ਸ਼ਰਬਤੀ (ਸਕੱਤਰ), ਗੁਰਪਾਲ ਸਿੰਘ (ਚੇਅਰਮੈਨ), ਵਿਨੋਦ ਗਿੱਲ, ਬਲਵੀਰ ਥਾਪਰ, ਵਰੁਣ ਗਿੱਲ (ਖਜਾਨਚੀ), ਨਰਿੰਦਰ ਕੁਮਾਰ ਗਿੱਲ (ਚੀਫ ਆਰਗੇਨਾਈਜਰ), ਜਗਜੀਤ ਗਿੱਲ, ਪ੍ਰਕਾਸ਼ ਸਿੰਘ ਗਿੱਲ (ਮੇਨਟੀਨੈਂਸ ਆਰਗੇਨਾਈਜਰ) ਆਰਗੇਨਾਈਜ਼ਰਜ਼- ਸੁਰਜੀਤ ਗਿੱਲ, ਕੁੰਦਨ ਲਾਲ ਸੌਂਧੀ, ਦਵਿੰਦਰ ਸ਼ੁੱਭ, ਅੰਮ੍ਰਿਤਪਾਲ, ਰਵੀਪਾਲ, ਰਾਮਪਾਲ ਮੱਟੂ, ਸਾਧੂ ਰਾਮ ਭੱਟੀ, ਦੀਪਕ ਸਹੋਤਾ, ਤਰਸੇਮ ਲਾਲ ਥਾਪਰ, ਰਾਜ ਕੁਮਾਰ ਪੰਡੋਰੀ, ਪ੍ਰਸ਼ੋਤਮ ਲਾਲ ਸੌਂਧੀ, ਰੋਹਤਾਸ਼ ਸਿੰਘ ਭਗਾਣੀਆਂ, ਅਮਰਜੀਤ ਸਿੰਘ ਲਾਲੀ, ਜਸਪਾਲ ਮਾਲੜੀ, ਰਕੇਸ਼ ਕੁਮਾਰ ਸਲਹੋਤਰਾ, ਸ਼ਾਮ ਲਾਲ ਸੌਂਧੀ।

**ਕਲਾਕਾਰ-** ਗਾਇਕਾ ਜਸਪਿੰਦਰ ਰੈਨ੍ਹਾ ਜੀ ਵਿਸ਼ੇਸ਼ ਤੌਰ 'ਤੇ ਪ੍ਰੋਗਰਾਮ 'ਚ ਪਹੁੰਚ ਕੇ ਹਾਜ਼ਰੀ ਲਗਵਾਉਣਗੇ।
ਭੁਪਿੰਦਰ ਭਿੰਦਾ, ਜਸਬਿੰਦਰ ਮਦਾਰਾ, ਅਮਰਜੀਤ ਲਾਲੀ, ਵਿਸ਼ਾਲ ਸ਼ਰਬਤੀ, ਜੋਗਿੰਦਰ ਸਿੰਘ ਸ਼ੌਂਕੀ, ਰੋਹਤਾਸ਼ ਸਿੰਘ ਭਗਾਣੀਆਂ, ਬਲਬੀਰ ਧਾਰੀਵਾਲ, ਰਾਜ ਕੁਮਾਰ ਪੰਡੋਰੀ, ਦੇਸ ਰਾਜ ਸ਼ੁੱਭ, ਜੀਵਨ ਰੱਤੂ, ਸੋਨੂੰ ਸਿੰਘ (ਢੋਲੀ), ਅੰਮ੍ਰਿਤਪਾਲ, ਗੁਰਦੀਪ ਸਿੰਘ ਹੀਰਾ, ਅਸ਼ੋਕ ਕੁਮਾਰ, ਰਾਜਿੰਦਰ ਸਿੰਘ ਸਹੋਤਾ

**ਸੰਪਰਕ ਕਰੋ-** ਪ੍ਰੇਮ ਸੌਂਧੀ (530-813-3877), ਸੰਤੋਖ ਸਿੰਘ ਗਿੱਲ (530-740-3056), ਵਿਸ਼ਾਲ ਸ਼ਰਬਤੀ (530-933-5915), ਬਲਵੀਰ ਥਾਪਰ (916-607-4650), ਬਲਵੀਰ ਧਾਰੀਵਾਲ (916-243-9017), ਵਿਨੋਦ ਗਿੱਲ 530-218-3969

**ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ.(ਯੂਬਾ ਸਿਟੀ) ਕੈਲੇਫੋਰਨੀਆ**

**ਸਥਾਨ:- ਮਹਾਂਰਿਸ਼ੀ ਵਾਲਮੀਕ ਟੈਂਪਲ, 84/86 ਪਰਸੀ ਐਵਨਿਊ, ਯੂਬਾ ਸਿਟੀ, ਕੈਲੇਫੋਰਨੀਆ 95991**

# Sri Guru Ravidass Sabha Sacramento celebrates Sri Guru Ravidass Temple Rio Linda's 27th Anniversary




Waheguru Jee Ka Khalsa Waheguru Jee Kee Fateh! This message is to inform the Sangat that the 27th Anniversary of Shri Guru Ravidass Temple Sacramento will be celebrated **September 27, 28 and 29, 2019.** Sri Akhand Paath Sahib will begin on Friday, September 27, 2019 at 10AM. Kirtan will be conducted 6PM to 8PM by Bhai Jaspal Singh And Bhai Gurdeep Singh.

Nishan Sahib Sewa will be conducted on Saturday, September 28, 2019 at 4PM. Gurbani Kirtan will be conducted by Bhai Amritpal Singh Sangrur Wale and Bhai Jaspal Singh from 6PM to 9PM.

Bhog of Sri Akhand Paath Sahib will take place on Sunday, September 29, 2019 at 10AM followed by Gurbani Kirtan by Bhai Tajvinder Singh (Hazoori Raagi Sri Darbar Sahib) and Bhai Jaspal Singh.

Sewa of Sri Akhand Paath Sahib will be by the Families of Sh. Jaswinder Banga, Sh. Subash Banga and Sh. Avtar Singh Jassal. Nishan Sahib Sewa will be by the Family of Sh. Jaswant Sheemar. Humble request to all Sangat to attend with you family and friends.

For any Sewa for Gurdwara Sahib Anniversary or New Gurdwara Sahib Building, please contact:

Teja Virk (Chairman): 916-912-5678

Raj Badhan (President): 916-601-3842

**Shri Guru Ravidass Temple Sacramento**
**6221 16th Street Rio Linda, CA 95673**
**916-992-1710**

# ਵਲੇਹੋ 'ਚ ਮਨਾਇਆ ਜਾਵੇਗਾ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਉਤਸਵ 20 ਅਕਤੂਬਰ ਨੂੰ




ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾਲੂਆਂ ਵੱਲੋਂ ਗੁਰੂ ਵਾਲਮੀਕ ਜੀ ਦਾ ਪ੍ਰਗਟ ਦਿਵਸ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ। ਆਪ ਸਭ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਆਪ ਆਪਣੇ ਘਰੇਲੂ ਰੁਝੇਵਿਆਂ 'ਚੋਂ ਕੁਝ ਸਮਾਂ ਕੱਢ ਕੇ ਇਸ ਸ਼ੁਭ ਉਤਸਵ ਮੌਕੇ ਸ਼ਾਮਲ ਹੋ ਕੇ ਗੁਰੂ ਚਰਨਾਂ 'ਚ ਹਾਜ਼ਰੀ ਲਗਵਾਓ ਜੀ। ਗੁਰੂ ਵਾਲਮੀਕ ਜੀ ਆਪ ਸਭ ਦੇ ਕਾਰਜ ਸਿੱਧ ਕਰਨ ਤੇ ਪਰਿਵਾਰਾਂ 'ਚ ਸੁੱਖ-ਸ਼ਾਂਤੀ ਰਹੇ। ਖੁਸ਼ੀਆਂ ਦਾ ਖੇੜਾ ਹਮੇਸ਼ਾ ਆਪ ਜੀ ਦੇ ਦਰ 'ਤੇ ਦਸਤਕ ਦਿੰਦਾ ਰਹੇ। ਗੁਰੂ ਜੀ ਦੀ ਮਹਿਮਾ ਦੇ ਗੁਣਗਾਨ ਕਰਕੇ ਭੁਪਿੰਦਰ ਭਿੰਦਾ, ਸੁਲਤਾਨ ਅਖਤਰ-ਹਰਜੀਤ ਜੀਤੀ, ਅਮਰਜੀਤ ਲਾਲੀ, ਰੋਹਿਤਾਸ ਭੰਗਾਣੀ, ਰਾਜ ਕੁਮਾਰ ਪੰ-ਡੋਰੀ ਅਤੇ ਹੋਰ ਸੱਜਣ ਆਪਣੀ ਹਾਜ਼ਰੀ ਲਗਵਾਉਣਗੇ।

ਪ੍ਰੋਗਰਾਮ ਦਾ ਸਮਾਂ ਅਤੇ ਸਥਾਨ

**October 20, 2019,**
**Time: 9:00AM to 5:00PM**

**Dan Foley Cultural Center, 1499 N. Camino Alto, Vallejo, CA-94590 Phone: (707) 648-4630**

ਹੋਰ ਜਾਣਕਾਰੀ ਲਈ ਸੰਪਰਕ ਕਰੋ

Sodhi Nahar (707) 704-5216 Shiv Sidhu (707) 656-1205
Dr. Gurjit Singh (925) 321-0117 Gurpal Singh (916) 873-0311
Bhupinder Bhinda (916) 613-3311 Balbir Thapar (916) 607-4650,
Kulwinder Gill (510) 458-6146, Baljivan Dass (408) 394-6729

**ਜਾਰੀ ਕਰਤਾ- ਸਮੂਹ ਭਗਵਾਨ ਵਾਲਮੀਕ ਜੀ ਦੇ ਸ਼ਰਧਾਲੂ (ਕੈਲੇਫੋਰਨੀਆ)**



# ਗੁਨਾਹ ਦੀ ਮੁਆਫੀ ਤਾਂ ਬਣਦੀ ਹੈ



ਹਰਦੀਪ ਸਿੰਘ ਚੁੰਬਰ
91-94636-01616

ਉਤਰੀ ਭਾਰਤ ਵਿਚ ਇਕੋ ਦਿਨ ਵਿਚ ਦੋ ਘਟਨਾਵਾਂ ਦਾ ਵਾਪਰਨਾ ਦੋ ਵੱਖਰੀਆਂ ਮਾਨਸਿਕਤਾਵਾਂ ਦੇ ਹੋਣ ਨੂੰ ਪ੍ਰਦਰਸ਼ਤ ਕਰੀਆਂ ਹਨ ਅਤੇ ਸੋਚਣ ਲਈ ਮਜਬੂਰ ਕਰਦੀਆਂ ਹਨ। ਪਹਿਲੀ ਰਾਤ ਸਮੇਂ ਸਹਾਰਨਪੁਰ ਵਿਚ ਬਾਬਾ ਸਾਹਿਬ ਡਾ. ਅੰਬੇਡਕਰ ਦੇ ਬੁੱਤ ਨੂੰ ਤੋੜਨਾ ਮੰਦਭਾਗੀ ਅਤੇ ਦੂਜੀ ਦਿਨ ਦੇ ਵਿਚ ਜਲ੍ਹਿਆਂਵਾਲਾ ਬਾਗ ਦੇ 100ਵੇਂ ਵਰ੍ਹੇ ਦੀ ਯਾਦ ਵਿਚ ਮੁਆਫੀ ਮੰਗਣਾ ਦਿਲ ਨੂੰ ਠੰਡਕ ਦੇਣ ਵਾਲੀ ਚੰਗੀ। ਇਹ ਮਹਿਜ ਦੋ ਘਟਨਾਵਾਂ ਹੀ ਨਹੀਂ, ਸੁਭਾਵਕਤੌਰ ਉਤੇ ਦੋ ਕੌਮਾਂ ਦੇ ਲੋਕਾਂ ਦੀ ਮਾਨਸਿਕਤਾ ਦਾ ਅੰਤਰ ਵੀ ਕਹਿ ਸਕਦੇ ਹਾਂ। ਕਿਸੇ ਕੌਮ ਦਾ ਤਰੱਕੀ ਕਰਨਾ, ਬਹੁਤ ਸਾਰੇ ਕਾਰਨਾਂ ਵਿਚੋ ਇਕ ਕਾਰਨ ਇਸ ਤਰਾਂ ਦੀ ਮਾਨਸਿਕਤਾ ਦੇ ਤਕੜਾ ਹੋਣਾ ਹੈ। ਬਿਮਾਰ ਮਾਨਸ਼ਿਕਤਾ ਵਾਲਿਆਂ ਦੀ ਤਰੱਕੀਟਿਕਾਊ ਨਹੀਂ ਹੁੰਦੀ।

ਗੁਨਾਹ ਕਿਸੇ ਨੇ ਵੀ ਕੀਤਾ ਹੋਵੇ, ਮੁਆਫੀ ਤਾਂ ਬਣਦੀ ਹੀ ਹੈ। ਉਹ ਕਿਸੇ ਵਿਦੇਸ਼ੀ ਨੇ ਜਾਂ ਸਵਦੇਸ਼ੀ ਦੀ ਗਲਤੀ ਦਾ ਨਤੀਜਾ ਹੋਵੇ। ਜਲ੍ਹਿਆਂਵਾਲਾ ਬਾਗ ਦੀ ਘਟਨਾ ਹੋਵੇ, ਦਿੱਲ੍ਹੀ ਦੰਗਿਆਂ ਦੀ ਹੋਵੇ, ਗੋਦਰਾ ਦੀ ਜਾਂ ਸਦੀਆਂ ਤੋਂ ਬੇਦਖਲੀ ਦੀ ਜਿੰਦਗੀ ਜੀਣ ਲਈ ਮਜਬੂਰ ਕੀਤੇ ਅਛੂੱਤ ਸਮਾਜ ਨਾਲ ਹੋਏ ਅਣਮਨੁੱਖੀ ਜ਼ੁਲਮ ਨਾਲ ਸਬੰਧਤ ਹੋਵੇ। ਮਾਨਵਤਾ ਦੇ ਘਾਣ ਕਿਸੇ ਵੀ ਰੂਪ ਵਿਚ ਕੀਤਾ ਗੁਨਾਹ ਤਾਂ ਗੁਨਾਹ ਹੀ ਹੁੰਦਾ ਹੈ। ਗੋਲੀਆਂ ਚਲਾ, ਅੱਗਾਂ ਲਗਾ ਜਾਂ ਹੋਰ ਜ਼ਬਰ ਜੁਲਮ ਨਾਲ ਹੱਕਾਂ ਦੀ ਲੜਾਈ ਲੜਦੇ ਲੋਕਾਂ ਦੀ ਅਵਾਜ ਨੂੰ ਦਬਾਉਣ ਵਾਲੇ ਜ਼ਾਲਮ ਸਹਿਜੇ ਕੀਤੇ ਮੁਆਫੀ ਨਹੀਂ ਮੰਗਦੇ। ਸਦੀਆਂ ਤੋਂ ਗੁਲਾਮਾਂ ਨਾਲੋਂ ਵੀ ਬਦਤਰ ਜਿੰਦਗੀ ਜਿਉਣ ਵਾਲੇ ਸ਼ੂਦਰ ਵਰਣ ਤੋਂ ਵੀ ਥੱਲੇ ਰਖੇਆਵਰਣ ਅਛੂੱਤ ਲੋਕਾਂ ਦੇ ਪ੍ਰਛਾਵੇਂ ਤੋਂ ਵੀ ਪ੍ਰਛਾਵੇ ਭਿਟ ਆਉਣ ਦੀਆਂ ਮੰਦਭਾਗੀਆਂ ਘਟਨਾਵਾਂ ਦੀਆਂ ਖਬਰਾਂ ਅੱਜ ਵੀ ਮਿਲਦੀਆਂ ਰਹਿੰਦੀਆਂ ਹਨ। ਅਜ਼ਾਦੀ ਦੇ 72 ਸਾਲਾਂ ਬਾਅਦ ਵੀਹਜਾਰਾਂ ਸਾਲਾਂ ਤੋਂ ਇਸ ਵਰਤਾਰੇ ਨੂੰ ਬਣਾਏ ਰਖਣ ਵਾਲੇ ਲੋਕਾਂ ਨੂੰ ਮੁਆਫੀ ਮੰਗਣ ਨੂੰ ਕਿੰਨਾ ਹੋਰ ਵਕਤ ਲਗੇਗਾ।

ਮਹਾਂ ਮਾਨਵ, ਅਛੂੱਤ ਵਰਗ ਨੂੰ ਮਾਨਵ ਬਰਾਬਰੀ ਦੇ ਅਧਿਕਾਰ ਦਵਾਉਣ ਦੇ ਬਾਬਾ ਸਾਹਿਬ ਦੇ ਬੁੱਤਾਂ ਨੂੰ ਤੋੜਨ ਦੀਆਂ ਘਟਨਾਵਾਂ ਭਾਰਤ ਦੇ ਵੱਖ ਹਿੱਸਿਆਂ ਵਿੱਚ ਹੁੰਦੀਆਂ ਹੀ ਰਹਿੰਦੀਆਂ ਹਨ। ਇਸ ਦੁਸ਼ਕਰਮ ਨੂੰ ਲਈ ਪੈਦਾ ਹੋਈ ਸੋਚ ਦੇ ਮਾਲਕ ਕਦੀ ਵੀ ਇਨਸਾਫ ਪਸੰਦ ਨਹੀਂ ਹੋ ਸਕਦੇ। ਐਨ ਡੀਟੀ ਵੀ ਉਤੇ ਅਕਸਰ ਐਂਡ ਵਿਚ ਰਵੀਸ਼ ਕੁਮਾਰ ਦੇ ਸ਼ਬਦ ਆਉਦੇ ਹਨ, " ਦੰਗੇ ਹੁੰਦੇ ਨਹੀ, ਕਰਵਾਏ ਜਾਂਦੇ ਹਨ"। ਬੁੱਤ ਤੋੜਨਾ, ਤੋੜਨ ਦੀ ਸੋਚ ਕਿਸ ਮਾਨਸਿਕਤਾ ਵਾਲੇ ਅਤੇ ਕਿਸਜਾਤੀ, ਸਮਾਜ ਦੇ ਲੋਕ ਹੋ ਸਕਦੇ ਹਨ, ਸਮਝਣਾ ਔਖਾ ਨਹੀ। ਇਹ ਬੂੱਤ ਤੋੜਨ ਦਾ ਕੰਮ ਨਹੀਂ, ਇਹ ਏਕਾਇੱਕ ਸਦੀਵੀ ਧੌਂਸ ਨਾਲ ਸੰਸਾਧਨਾ ਉਤੇ ਕਬਜੇ ਨੂੰ ਬਣਾ ਕੇ ਰਖਣਾ ਤੇਮਾਨਵ ਬਰਾਬਰੀ ਅਧਿਕਾਰਾਂ ਨੂੰ ਚੈਲਿੰਜ਼ ਕਰਨਾ ਹੈ। ਇਹ ਦਸਣ ਦਾ ਲੋੜ ਨਹੀਂ, ਉਹ ਕਿਸ ਮਾਨਸਿਕਤਾ ਮਾਲਿਕ ਅਤੇ ਕਿਸ ਵਰਗ ਦੇ ਲੋਕ ਹੋਣਗੇ। ਪਰ ਕੀ ਉਸੇ ਹੀ ਮਾਨਸਿਕਤਾ, ਜਾਤੀ, ਸਮਾਜ ਦੇ ਲੋਕ ਆਪਣੇ ਨਾਲ ਹੋਏ ਧੱਕੇ ਨੂੰ ਮਾਨਵਤਾ ਦਾ ਮੁਦਾ ਬਨਾਉਣ ਦੇ ਹੱਕਦਾਰ ਹੋ ਸਕਦੇ ਹਨ?ਬੁੱਤ ਲਾਉਣੇ, ਬੁੱਤ ਤੋੜਨੇ ਇਕ ਰਾਜ਼ਨੀਤਿਕ ਲਾਭ ਦਾ ਹਿੱਸਾ ਵੀ ਰਹੇ ਹਨ। ਮਾਨਵ ਤਰੱਕੀ ਦਾ ਕਾਰਨ ਮਨੁੱਖੀ ਭੀੜ ਨਹੀਂ, ਤਰੱਕੀ ਦਾ ਕਾਰਨ ਮਨੁੱਖ ਦੀ ਉੱਚੀ, ਸੁੱਚੀ ਮਾਨਸ਼ਿਕਤਾ ਹੈ।

ਕੈਂਟਰਬਰੀ ਦੇ ਆਰਚਬਿਸ਼ਪ, ਜਸਟਿਨ ਵੈਲਬੀ ਨੇ ਕਿਹਾ, "ਕੀਤੇ ਗਏ ਜੁਰਮ ਦੇ ਦੋਸ਼ਾਂ ਲਈ ਮੈਂ ਸ਼ਰਮਿੰਦਾ ਹਾਂ ਅਤੇ ਦੁਖੀ ਹਾਂ। ਇੱਕ ਧਾਰਮਿਕ ਆਗੂ ਹੋਣ ਦੇ ਨਾਤੇ, ਮੈਂ ਦੁਖਾਂਤ 'ਤੇ ਅਫਸੋਸ ਕਰਦਾ ਹਾਂ", ਕੈਂਟਰਬਰੀ ਦੇ ਆਰਚਬਿਸ਼ਪ, ਜਸਟਿਨ ਵੈਲਬੀ ਨੇ ਜਲ੍ਹਿਆਂਵਾਲਾ ਬਾਗ ਕਤਲੇਆਮ ਲਈ ਮੁਆਫੀ ਮੰਗਦੇ ਹੋਏ ਕਿਹਾ।

ਕੈਂਟਰਬਰੀ ਦੇ ਆਰਚਬਿਸ਼ਪ, ਜਸਟਿਨ ਵੈਲਬੀ ਨੇ ਮੰਗਲਵਾਰ ਨੂੰ ਜਲ੍ਹਿਆਂਵਾਲਾ ਬਾਗ ਯਾਦਗਾਰ ਦਾ ਦੌਰਾ ਕੀਤਾ ਅਤੇ ਕਿਹਾ ਕਿ ਉਸ ਜੁਰਮ ਲਈ "ਸ਼ਰਮਿੰਦਾ ਅਤੇ ਅਫ਼ਸੋਸ" ਹੈ ਜੋ 1919 ਵਿਚ ਉਸ ਜਗ੍ਹਾ 'ਤੇ ਕੀਤਾ ਗਿਆ ਸੀ । ਮਾਫ਼ੀ



ਮੰਗਣ ਲਈ ਪ੍ਰਮਾਤਮਾ ਅੱਗੇ ਅਰਦਾਸ ਕਰ ਕੇ ਵੈਲਬੀ ਨੇ ਯਾਦਗਾਰ ਦੇ ਸਾਹਮਣੇ ਜਮੀਨ 'ਤੇ ਲੇਟਕੇ ਬੋਲਿਆ। ਜਲ੍ਹਿਆਂਵਾਲਾ ਬਾਗ ਦੀ ਯਾਦਗਾਰ 'ਤੇ ਮੱਥਾ ਟੇਕਦੇ ਹੋਏ, ਵੈਲਬੀ ਨੇ ਕਿਹਾ, "ਮੈਂ ਬ੍ਰਿਟਿਸ਼ ਸਰਕਾਰ ਦੀ ਤਰਫ ਤੋਂ ਨਹੀਂ ਬੋਲ ਸਕਦਾ। ਮੈਂ ਸਰਕਾਰ ਦਾ ਅਧਿਕਾਰੀ ਨਹੀਂ ਹਾਂ ਪਰ ਇਸ਼ਟ ਦੇ ਨਾਮ' ਤੇ ਬੋਲ ਸਕਦਾ ਹਾਂ। ਇਹ ਪਾਪ ਅਤੇ ਛੁਟਕਾਰੇ ਦੀ ਜਗ੍ਹਾ ਹੈ। ਇਹ ਯਾਦਗਾਰ ਉਨ੍ਹਾਂ ਦੀ ਵਿੱਚ ਹਮੇਸ਼ਾ ਯਾਦਦਾਸ਼ਤ ਜੀਉਂਦੀ ਰਹੇਗੀ"।

ਉਨ੍ਹਾਂ ਕਿਹਾ, " ਮੈਂ ਇੱਥੇ ਬ੍ਰਿਟਿਸ਼ ਗੋਲੀਆਂ ਨਾਲ ਮਾਰੇ ਲੋਕਾਂ ਲਈ ਦੁੱਖ ਅਤੇ ਪਛਤਾਵਾ ਕਰਨ ਆਇਆ ਹਾਂ। ਦੁਬਾਰਾ ਕਿਹਾ, "ਮੈਂ ਸਰਕਾਰ ਲਈ ਨਹੀਂ ਬੋਲ ਸਕਦਾ ਪਰ ਮੈਂ ਪਛਤਾਵੇ ਦੀ ਗੱਲ ਕਰਦਾ ਹਾਂ"।ਜਲ੍ਹਿਆਂਵਾਲਾ ਬਾਗ ਕਤਲੇਆਮ 13 ਅਪ੍ਰੈਲ, 1919 ਨੂੰ ਹੋਇਆ ਸੀ, ਜਦੋਂ ਕਰਨਲ ਰੇਜੀਨਾਲਡ ਡਾਇਰ ਦੀ ਕਮਾਂਡ ਹੇਠ ਬ੍ਰਿਟਿਸ਼ ਇੰਡੀਅਨ ਆਰਮੀ ਦੇ ਜਵਾਨਾਂ ਨੇ ਨਿਹੱਥੇ ਪ੍ਰਦਰਸ਼ਨਕਾਰੀਆਂ ਅਤੇ ਸ਼ਰਧਾਲੂਆਂ ਦੀ ਭੀੜ ਉੱਤੇ ਮਸ਼ੀਨ ਗਨ ਗੋਲੀਆਂ ਚਲਾਈਆਂ ਸਨ ਜੋ ਇਸ ਮੌਕੇ ਪੰਜਾਬ ਦੇ ਅੰਮ੍ਰਿਤਸਰ ਦੇ ਜਲ੍ਹਿਆਂਵਾਲਾ ਬਾਗ ਵਿੱਚ ਇਕੱਠੇ ਹੋਏ ਸਨ। ਵਿਸਾਖੀ ਉਤੇ ਸ਼ਾਂਤਮਈ ਢੰਗ ਨਾਲ ਇਕੱਠੀ ਹੋਏ ਲੋਕਾਂ ਉਤੇ, ਜਦੋਂ ਜਨਰਲ ਡਾਇਰ ਅਤੇ ਉਸ ਦੇ ਬੰਦਿਆਂ ਨੇ ਅੰਨ੍ਹੇਵਾਹ ਗੋਲੀਆਂ ਚਲਾਈਆਂ ਸਨ। 100 ਸਾਲ ਬੀਤ ਜਾਣ ਤੋਂ ਬਾਅਦ, ਯੂਨਾਈਟਡ ਕਿੰਗਡਮ ਅਜੇ 1919 ਵਿਚ ਅੰਮ੍ਰਿਤਸਰ ਵਿਚ ਨਿਹੱਥੇ ਪ੍ਰਦਰਸ਼ਨਕਾਰੀਆਂ 'ਤੇ ਹੋਏ ਭਿਆਨਕ ਹਮਲੇ ਲਈ ਪੂਰੀ ਮੁਆਫੀਨਾਮਾ ਮੰਗਣੀ ਬਣਦੀ ਹੈ। ਇਸ ਸਾਲ ਦੇ ਸ਼ੁਰੂ ਵਿਚ, ਬ੍ਰਿਟਿਸ਼ ਦੀ ਸਾਬਕਾ ਪ੍ਰਧਾਨ ਮੰਤਰੀ ਥੇਰੇਸਾ ਮੇਅ ਨੇ ਕਿਹਾ ਸੀ ਕਿ ਯੂਨਾਈਟਿਡ ਕਿੰਗਡਮ ਨੇ 1919 ਦੇ ਕਤਲੇਆਮ 'ਤੇ ਗਹਿਰਾ ਅਫਸੋਸ ਜਤਾਇਆ ਹੈ ਅਤੇ ਇਸਨੂੰ ਬ੍ਰਿਟਿਸ਼-ਭਾਰਤੀ ਇਤਿਹਾਸ' ਤੇ "ਸ਼ਰਮਨਾਕ ਦਾਗ" ਕਿਹਾ ਸੀ।

ਸਾਬਕਾ ਬ੍ਰਿਟਿਸ਼ ਪ੍ਰਧਾਨਮੰਤਰੀ ਡੇਵਿਡ ਕੈਮਰਨ ਨੇ ਫਰਵਰੀ 2013 ਵਿੱਚ ਆਪਣੀ ਭਾਰਤ ਫੇਰੀ ਤੇ ਜਲ੍ਹਿਆਂਵਾਲਾ ਬਾਗ ਕਤਲੇਆਮ ਨੂੰ 'ਬ੍ਰਿਟਿਸ਼ ਇਤਿਹਾਸ ਦੀ ਇੱਕ ਬਹੁਤ ਹੀ ਸ਼ਰਮਨਾਕ ਘਟਨਾ' ਕਰਾਰ ਦਿੱਤਾ ਸੀ ਜੋ ਉਸਨੇ ਜਲ੍ਹਿਆਂਵਾਲਾ ਬਾਗ ਨੈਸ਼ਨਲ ਮੈਮੋਰੀਅਲ ਟਰੱਸਟ ਦੇ ਮਹਿਮਾਨਾਂ ਦੀ ਪੁਸਤਕ ਵਿੱਚ ਕੀਤੀ ਸੀ। ਕੈਮਰਨ ਨੇ ਉਸ ਸਮੇਂ ਦੇ ਜੰਗ ਦੇ ਰਾਜ ਮੰਤਰੀ ਵਿਨਸਟਨ ਚਰਚਿਲ ਨੂੰ ਵੀ ਯਾਦ ਕੀਤਾ, ਜਿਸ ਨੇ 1920 ਵਿਚ ਕਤਲੇਆਮ ਨੂੰ "ਸ਼ਰਮਨਾਕ" ਕਿਹਾ ਸੀ। ਭਾਵੇਂ ਕਿ ਉਸਨੇ ਰਸਮੀ ਤੌਰ 'ਤੇ ਮੁਆਫੀ ਨਹੀਂ ਮੰਗੀ, ਕੈਮਰਨ ਦੀ ਇਹ ਟਿੱਪਣੀ ਉਸ ਮਹਾਰਾਣੀ ਐਲਿਜ਼ਾਬੈਥ ।। ਅਤੇ ਉਸਦੇ ਪਤੀ ਪ੍ਰਿੰਸ ਫਿਲਿਪ ਦੇ 1997 ਦੇ ਸਾਈਟ' ਤੇ ਆਪਣੀ ਫੇਰੀ ਦੌਰਾਨ ਕਹੀ ਗਈ ਗੱਲ ਨਾਲੋਂ ਅਲਗ ਸੀ। ਕਤਲੇਆਮ ਦੇ ਪ੍ਰਮਾਣ ਪੱਤਰ ਇਹ ਦੱਸਦੇ ਹੋਏ ਕਿ ਇਸ ਘਟਨਾ ਨੂੰ ਪ੍ਰੇਸ਼ਾਨ ਕਰਨ ਵਾਲੀ ਦੱਸਿਆ ਗਿਆ ਸੀ। ਇਸ ਦੇ ਬਾਵਜੂਦ, ਕੈਮਰਨ ਨੇ ਰਸਮੀ ਮੁਆਫੀ ਮੰਗਣ ਦਾ ਕੰਮ ਕਰ ਦਿੱਤਾ ਜਦੋਂ ਉਸਨੇ ਕਤਲੇਆਮ ਵਾਲੀ ਜਗ੍ਹਾ ਦਾ ਦੌਰਾ ਕੀਤਾ, ਜੋ ਉਸ ਸਮੇਂ ਬ੍ਰਿਟਿਸ਼ ਪ੍ਰਧਾਨ ਮੰਤਰੀ ਸਨ, ਨੇ 1919 ਵਿਚ ਵਾਪਰੀ ਇਸ ਘਟਨਾ ਤੋਂ 94 ਸਾਲਾਂ ਵਿਚ ਅਜਿਹਾ ਕੀਤਾ ਸੀ। ਦਸੰਬਰ 2017 ਵਿਚ, ਆਪਣੀ ਅੰਮ੍ਰਿਤਸਰ ਫੇਰੀ ਤੋਂ ਬਾਅਦ, ਲੰਡਨ ਦੇ ਮੇਅਰ ਸਦੀਕ ਖਾਨ ਨੇ ਇਸ ਕਤਲੇਆਮ ਲਈ ਬ੍ਰਿਟੇਨ ਵਲੋਂ ਮੁਆਫੀ ਮੰਗੀ ਸੀ, ਜਿਸ ਤੋਂ ਬਾਅਦ ਯੂਕੇ ਵਿਦੇਸ਼ ਦਫ਼ਤਰ ਨੇ ਇਕ ਬਿਆਨ ਜਾਰੀ ਕੀਤਾ ਸੀ ਜਿਸ ਵਿਚ ਕਿਹਾ ਗਿਆ ਹੈ ਕਿ "ਡੂੰਘੀ ਸ਼ਰਮਨਾਕ ਹਰਕਤ" ਦੀ ਸਹੀ ਨਿੰਦਾ ਕੀਤੀ ਗਈ ਹੈ। "ਮੈਂ ਸਪੱਸ਼ਟ ਹਾਂ ਕਿ ਸਰਕਾਰ ਨੂੰ ਹੁਣ ਮੁਆਫੀ ਮੰਗਣੀ ਚਾਹੀਦੀ ਹੈ, ਖ਼ਾਸਕਰ ਜਦੋਂ ਅਸੀਂ ਕਤਲੇਆਮ ਦੀ ਸ਼ਤਾਬਦੀ 'ਤੇ ਪਹੁੰਚਦੇ ਹਾਂ। ਖਾਨ ਨੇ 2017 ਵਿੱਚ ਕਿਹਾ ਸੀ, "ਇੱਥੇ ਵਾਪਰਿਆ ਕੀ ਹੋਇਆ ਹੈ ਨੂੰ ਸਹੀ ਢੰਗ ਨਾਲ ਮੰਨਣਾ ਅੰਮ੍ਰਿਤਸਰ ਅਤੇ ਭਾਰਤ ਦੇ ਲੋਕਾਂ ਤੋਂ ਇੱਕ ਰਸਮੀ ਮੁਆਫੀ ਰਾਹੀਂ ਉਹ ਬੰਦ ਕਰਨ ਬਾਰੇ ਹੈ," ਖਾਨ ਨੇ ਸਾਲ 2017 ਵਿੱਚ ਕਿਹਾ ਸੀ। ਬ੍ਰਿਟੇਨ ਦੇ ਇਤਿਹਾਸ ਵਿਚ ਇਕ ਬਹੁਤ ਹੀ ਸ਼ਰਮਨਾਕ ਕਾਰਾ ਸੀ ਅਤੇ ਇਹ ਇਕ ਅਜਿਹਾ ਕੰਮ ਸੀ ਜਿਸ ਨੂੰ ਸਾਨੂੰ ਕਦੇ ਨਹੀਂ ਭੁੱਲਣਾ ਚਾਹੀਦਾ, "ਯੂਕੇ ਦੇ ਵਿਦੇਸ਼ ਦਫ਼ਤਰ ਦੇ ਬਿਆਨ ਵਿਚ ਕਿਹਾ ਗਿਆ ਹੈ। ਇਸ ਸਮੇਂ ਦੌਰਾਨ, ਬ੍ਰਿਟੇਨ-ਭਾਰਤ ਦੇ ਉੱਘੇ ਸੰਸਦ ਮੈਂਬਰ ਵਰਿੰਦਰ ਸ਼ਰਮਾ, ਜੋ ਉਸ ਸਮੇਂ ਲੇਬਰ ਪਾਰਟੀ ਦੇ ਮੈਂਬਰ ਸਨ, ਨੇ ਉਸ ਸਾਲ ਦੇ ਅਰੰਭ ਵਿੱਚ ਯੂਕੇ ਸੰਸਦ ਦੀ ਵੈਬਸਾਈਟ ਉੱਤੇ ਮੁਆਫੀ ਮੰਗਣ ਦੀ ਮੰਗ ਕੀਤੀ ਸੀ।

ਇਸ ਸਾਲ ਮੁਆਫੀ ਮੰਗਣ ਦੀ ਮੰਗ ਨੂੰ ਮੁੜ ਦੁਹਰਾਇਆ ਗਿਆ ਕਿਉਂਕਿ ਇਹ ਘਟਨਾ, 1919 ਦੀ ਘਟਨਾ ਦੀ 20ਵੀਂ ਸ਼ਤਾਬਦੀ ਦੇ ਸਾਲ ਹੀ ਹੈ। ਅਪ੍ਰੈਲ ਵਿੱਚ ਸਾਬਕਾ ਪ੍ਰਧਾਨ ਮੰਤਰੀ ਥੇਰੇਸਾ ਮੇਅ ਨੇ "ਅਫ਼ਸੋਸ" ਜ਼ਾਹਰ ਕੀਤਾ ਪਰ ਪੂਰੀ ਮੁਆਫੀ ਨਹੀਂ ਮੰਗੀ। ਮਈ ਦੀ ਟਿੱਪਣੀ ਤੋਂ ਇਕ ਦਿਨ ਬਾਅਦ, ਪਾਕਿਸਤਾਨ ਦੇ ਸੂਚਨਾ ਅਤੇ ਪ੍ਰਸਾਰਣ ਮੰਤਰੀ ਚੌਧਰੀ ਫਵਾਦ ਹੁਸੈਨ ਨੇ ਇਸ ਮੰਗ ਦੀ ਹਮਾਇਤ ਕਰਦਿਆਂ ਕਿਹਾ ਕਿ "ਬ੍ਰਿਟਿਸ਼ ਸਾਮਰਾਜ ਨੂੰ ਜਲ੍ਹਿਆਂਵਾਲਾ ਬਾਗ ਕਤਲੇਆਮ ਅਤੇ ਬੰਗਾਲ ਦੇ ਕਤਲਿਆਮ ਉੱਤੇ ਪਾਕਿਸਤਾਨ, ਭਾਰਤ ਅਤੇ ਬੰਗਲਾਦੇਸ਼ ਦੀਆਂ ਕੌਮਾਂ ਤੋਂ ਮੁਆਫੀ ਮੰਗਣੀ ਚਾਹੀਦੀ ਹੈ।"

ਗੁਨਾਹ ਕਰਨ ਵਾਲੇ ਨੂੰ ਸਹਿਯੋਗ ਦੇਣ ਵਾਲੇ ਵੀ ਬਰਾਬਰ ਦੇ ਗੁਨਾਹਗਾਰ ਹੁੰਦੇ ਹਨ। ਭਾਵੇਂ ਹਰਮੰਦਰ ਸਾਹਿਬ ਇਤੇ ਹਮਲਾ ਕਰਨ ਲਈ ਕਾਂਗਰਸ ਸਿੱਧੇ ਤੌਰ ਉਤੇ ਜਿੰਮੇਵਾਰ ਮੰਨੀ ਜਾਂਦੀ ਹੈ, ਲਾਲ ਕ੍ਰਿਸ਼ਨ ਅਡਵਾਨੀ ਨੇ ਕਿਤਾਬ ਵਿੱਚ ਜਿਕਰ ਕੀਤੀ ਹੈ ਕਿ ਕਾਂਗਰਸ ਨੂੰ ਅਸੀਂ ਹਲਾਸ਼ੇਰੀ ਦਿਤੀ ਸੀ। ਕਦੋਂ ਮੁਆਫੀ ਮੰਗਣਗੇ। ਜਲ੍ਹਿਆਂਵਾਲਾ ਬਾਗ ਦੀ ਘਟਨਾ ਤੋਂ ਬਾਅਦ ਜਰਨਲ ਡਾਇਰ ਨੂੰ ਹਰਿਮੰਦਰ ਸਾਹਿਬ ਤੋ ਸਰੋਪੇ ਦੇਣ ਵਾਲੇ, ਉਸ ਨੂੰ ਉਸੇ ਦਿਨ ਡਿਨਰ ਨਾਲ ਘਰ ਸਵਾਗਤ ਕਰਨ ਵਾਲੇ ਸਾਡੇ ਲੋਕ ਵੀ ਜਿੰਮੇਵਾਰ ਹਨ। ਕਦੋਂ ਮੁਆਫੀ ਮੰਗਣਗੇ। ਉਸ ਸਮੇ ਦੇ ਤਾਕਤ ਵਰ ਲੋਕ ਇਸ ਨੂੰ ਘਟਨਾ ਨੂੰ ਸਹੀ ਕਰਾਰ ਦੇਣ ਵਾਲੇ ਵੀ ਉਹਨਾ ਦਜੇ ਬਰਾਬਰ ਦੇ ਹੀ ਗੁਨਾਹਗਾਰ ਹਨ। ਗਦਾਰੀਆਂ ਕਰ ਸਰ ਦੀਆਂ ਉਪਾਦੀਆਂ ਦੇ ਨਾਲ ਵੱਡੀਆਂ ਜਾਗੀਰਾਂ ਨਾਲ ਨਿਵਾਜੇ ਗਏ, ਕਦੋਂ ਮੁਆਫੀ ਮੰਗਣਗੇ। ਅੰਗਰੇਜ਼ ਭਾਰਤ ਵਿਚ ਵਪਾਰ ਕਰਨ ਆਏ ਸਨ, ਉਹਨਾ ਨੇ ਭਾਰਤ ਦੇ ਗਦਾਰ ਲੋਕਾਂ ਦੀ ਸਹਾਇਤਾ ਨਾਲ ਵੱਡਾ ਰਾਜ ਕਾਇਮ ਕੀਤਾ। ਭਗਤ ਸਿੰਘ ਦੀ ਫਾਂਸੀ ਲਈ ਭਾਰਤੀ ਲੋਕ ਕਦੋਂ ਮੁਆਫੀ ਮੰਗਣਗੇ। ਮੁਆਫੀ ਮੰਗਣ ਨਾਲ ਕੋਈ ਛੋਟਾ ਨਹੀਂ ਹੁੰਦਾ। ਭਾਰਤ ਗੁਰੂਆਂ ਪੀਰਾਂ ਦਾ ਦੇਸ਼ ਹੈ, ਸਰਬਤ ਦਾ ਭਲਾ ਅਤੇ ਮੁਆਫੀ ਨੂੰ ਉਤਮ ਮੰਨਦੇ ਹੋਏ ਸਿੱਖ ਧਰਮ ਨੇ ਅਰਦਾਸ ਵਿਚ ਸਾਮਿਲ ਕੀਤਾ ਹੋਇਆ ਹੈ। ਮਾਨਸ਼ਿਕ ਬਿਮਾਰ ਲੋਕ ਗਲਤੀਆਂ ਨਹੀਂ ਕਬੂਲਦੇ ਮੁਆਫੀਆਂ ਨਹੀਂ ਮੰਗਦੇ ਇਸ ਮਾਨਸ਼ਿਕਤਾ ਵਿੱਚੋਂ ਬਾਹਰ ਆ ਸੱਚ ਸਵਿਕਾਰ ਕਰ ਅੱਗੇ ਵਧਣਾ ਹੋਵੇਗਾ, ਇਹੋ ਉਤਮ ਰਸਤਾ ਹੈ।

# ਕਰਤਾਰਪੁਰ ਲਾਂਘਾ, ਗੁਰੂ ਨਾਨਕ ਲੇਵਾ ਅਤੇ ਸਰਕਾਰਾਂ



ਗੁਰਮੀਤ ਪਲਾਹੀ
91-98158-02070

ਇਸ ਮਾਮਲੇ 'ਚ ਹੁਣ ਕੋਈ ਦੋ ਰਾਵਾਂ ਨਹੀਂ ਰਹਿ ਗਈਆਂ ਕਿ ਕਰਤਾਰਪੁਰ ਲਾਂਘਾ ਬਨਣ ਦੇ ਐਲਾਨ ਤੋਂ ਲੈ ਕੇ ਹੁਣ ਇਸ ਦੇ ਬਨਣ ਦੇ ਨੇੜੇ ਪੁੱਜਣ ਤੱਕ ਵੀ ਦੋਹਾਂ ਦੇਸ਼ਾਂ ਦੀਆਂ ਸਰਕਾਰਾਂ ਆਪੋ-ਆਪਣੇ ਦਾਅ ਖੇਡ ਰਹੀਆਂ ਹਨ ਅਤੇ ਸਿਆਸੀ ਧਿਰਾਂ ਇਸਦਾ ਸਿਹਰਾ ਆਪਣੇ ਸਿਰ ਬੰਨ੍ਹ ਕੇ ਦੁਨੀਆ ਨੂੰ ਇਹ ਦਰਸਾਉਣ ਦੇ ਰਾਹ ਤੁਰੀਆਂ ਹੋਈਆਂ ਹਨ ਕਿ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ ਦੇ ਅਸਲ ਪੈਰੋਕਾਰ ਉਹ ਹਨ, 'ਬਾਬੇ ਨਾਨਕ' ਦੀ ਰੱਬੀ ਬਾਣੀ ਦੇ ਉਹ ਹੀ ਭਗਤ ਹਨ। ਪਰ ਜਿਸ ਕਿਸਮ ਦੀਆਂ ਖੇਡਾਂ, ਸਰਕਾਰਾਂ ਖੇਡ ਰਹੀਆਂ ਹਨ, ਕੀ ਉਹ ਬਾਬਾ ਨਾਨਕ, ਗੁਰੂ ਨਾਨਕ ਦੇਵ ਜੀ ਦੇ ਸਾਂਝੀਵਾਲਤਾ ਦੇ ਸਿਧਾਂਤ ਦੇ ਨੇੜੇ-ਤੇੜੇ ਵੀ ਹਨ?

ਭਾਰਤ-ਪਾਕਿਸਤਾਨ ਸਰਕਾਰਾਂ ਹੀ ਨਹੀਂ, ਪੰਜਾਬ ਦੀ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਇਸ ਗੱਲ ਲਈ ਸਿਰ ਤੋੜ ਯਤਨ ਕਰ ਰਹੀ ਹੈ ਕਿ ਉਹਨਾ ਗੁਰੂ ਨਾਨਕ ਦੇਵ ਜੀ ਦੇ ਸਮਾਗਮ ਆਪਣੀ ਛੱਤਰ ਛਾਇਆ 'ਚ ਮਨਾਉਣੇ ਹਨ ਅਤੇ 'ਢਾਈ ਪਾ ਖਿਚੜੀ' ਇੱਕਲਿਆਂ-ਇੱਕਲਿਆਂ ਹੀ ਰਿੰਨਣੀ ਹੈ। ਦੁਨੀਆ ਭਰ 'ਚ ਹੀ ਨਹੀਂ, ਦੇਸ਼ ਦੇ ਕੋਨੇ-ਕੋਨੇ 'ਚ ਵੀ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਸਬੰਧੀ ਪ੍ਰਚਾਰ-ਪ੍ਰਸਾਰ ਲਈ ਕਾਰਜ ਆਰੰਭੇ ਗਏ ਹਨ, ਪਰ ਪੰਜਾਬ ਦੀ ਸਰਕਾਰ ਆਪਣੇ ਤੌਰ ਤੇ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਆਪਣੇ ਤੌਰ ਤੇ ਸੁਲਤਾਨਪੁਰ ਲੋਧੀ ਵਿਖੇ ਪ੍ਰਕਾਸ਼ ਉਤਸਵ ਮਨਾਉਣ ਲਈ ਪ੍ਰੋਗਰਾਮ ਉਲੀਕ ਰਹੀ ਹੈ, ਹਾਲਾਂਕਿ ਇਸ ਸਬੰਧੀ ਆਪਸੀ ਰਾਏ ਨਾਲ ਸਾਂਝੇ ਪ੍ਰੋਗਰਾਮ ਕਰਨ-ਕਰਾਉਣ ਦਾ ਫ਼ੈਸਲਾ ਲਿਆ ਗਿਆ ਸੀ। ਪਰ ਜਾਪਦਾ ਇੰਜ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 'ਆਕਾ' ਆਪਣੀ ਹੈਂਕੜ ਛੱਡਣ ਲਈ ਤਿਆਰ ਨਹੀਂ ਹਨ ਅਤੇ ਪੰਜਾਬ ਸਰਕਾਰ ਵੀ ਇਸ ਹੱਥ ਆਏ ਮੌਕੇ ਨੂੰ ਹੱਥੋਂ ਗੁਆਉਣ ਲਈ ਰਾਜੀ ਨਹੀਂ ਹੈ, ਜਿਸ ਵਿੱਚ ਪੰਜਾਬ ਸਰਕਾਰ ਤੇ ਕਾਂਗਰਸ ਨੂੰ ਵਿਸ਼ਵ ਸਾਹਮਣੇ ਆਪਣੇ-ਆਪ ਨੂੰ ਦਿਖਾਉਣ ਦਾ ਚੰਗਾ ਮੌਕਾ ਮਿਲੇਗਾ।

ਅੱਜ ਸੋਸ਼ਲ ਮੀਡੀਆ ਦਾ ਯੁੱਗ ਹੈ। ਅੱਜ ਸੰਚਾਰ ਦਾ ਯੁੱਗ ਹੈ। ਅੱਜ ਸੋਸ਼ਲ ਮੀਡੀਆ ਅਤੇ ਸੰਚਾਰ ਸਾਧਨਾਂ ਨੇ ਦੁਨੀਆ ਭਰ ਨੂੰ ਆਪਣੇ ਲਪੇਟੇ 'ਚ ਲਿਆ ਹੋਇਆ ਹੈ। ਕਰਤਾਰਪੁਰ ਲਾਂਘੇ ਦੀ ਗੱਲ ਚੱਲਣ ਤੋਂ ਪਹਿਲਾਂ ਬਹੁਤ ਘੱਟ ਲੋਕ ਪਾਕਿਸਤਾਨ ਵਿੱਚ ਕਰਤਾਰਪੁਰ ਲਾਂਘੇ ਬਾਰੇ ਜਾਣਦੇ ਸਨ, ਹਾਲਾਂਕਿ ਉਹ ਪਹਿਲਾਂ ਵੀ ਪਾਕਿਸਤਾਨ ਵਿੱਚ ਸੀ। ਸ਼ਰਧਾਲੂਆਂ ਨੂੰ ਛੱਡਕੇ ਘੱਟ ਲੋਕ ਬਾਬੇ ਨਾਨਕ ਦੇ ਉਸ ਕਰਤਾਰਪੁਰ ਬਾਰੇ ਜਾਣਦੇ ਸਨ, ਜਿਥੇ ਗੁਰੂ ਨਾਨਕ ਦੇਵ ਜੀ ਨੇ ਆਪਣੀ ਜ਼ਿੰਦਗੀ ਦੇ ਆਖ਼ਰੀ ਵਰ੍ਹੇ ਬਿਤਾਏ। ਹੱਥੀਂ ਕਿਰਤ ਕੀਤੀ। ਹੱਲ ਜੋਤਿਆ। ਬੰਦਗੀ ਕੀਤੀ। ਆਪਣੀਆਂ ਜਗਤ ਫੇਰੀਆਂ ਉਪਰੰਤ ਕਰਤਾਰਪੁਰ ਬੈਠ ਕੇ ਸੰਗਤਾਂ ਨੂੰ 'ਬਾਣੀ ਦਾ ਅਸਲ ਅਰਥ ਸਮਝਾਉਂਦਿਆਂ, ਕਿਰਤ ਕਰੋ, ਨਾਮ ਜਪੋ, ਵੰਡ ਕੇ ਛਕੋ ਦਾ ਸੰਦੇਸ਼ ਸੁਣਾਇਆ। ਪਰ ਅੱਜ ਇਹੋ ਕਰਤਾਰਪੁਰ ਪਾਕਿਸਤਾਨ ਵਿੱਚ ਬੱਚੇ-ਬੱਚੇ ਦੀ ਜੁਬਾਨ ਤੇ ਹੈ ਅਤੇ ਇਥੋਂ ਦੇ ਆਮ ਲੋਕ 'ਨਵੰਬਰ' ਦੀ ਉਡੀਕ ਕਰ ਰਹੇ ਹਨ ਜਦੋਂ ਸਿੱਖ ਯਾਤਰੀ ਦੂਰੋਂ-ਦੂਰੋਂ ਇਥੇ ਪੁੱਜਣਗੇ। ਹਾਲਾਂਕਿ ਉਹਨਾ ਦੀ ਪਹੁੰਚ ਬਾਰੇ ਕੋਈ ਨਾ ਕੋਈ ਅੜਿੱਕਾ ਸਰਕਾਰਾਂ ਸ਼ਰਤਾਂ ਲਗਾਕੇ, ਸਰਵਿਸ ਚਾਰਜ ਲਗਾਕੇ ਜਾਂ ਕਿਸੇ ਹੋਰ ਢੰਗ ਨਾਲ ਔਖਾ ਕਰਕੇ ਗੁਰੂ ਨਾਨਕ ਲੇਵਾ ਲੋਕਾਂ ਦੇ ਹਿਰਦੇ 'ਪੱਛ' ਰਹੀਆਂ ਹਨ।



ਪਰ ਕੁਝ ਗੱਲਾਂ ਪਾਕਿਸਤਾਨ ਸਰਕਾਰ ਵਲੋਂ ਅਤੇ ਕੁਝ ਭਾਰਤ ਸਰਕਾਰ ਵਲੋਂ ਚੰਗੀਆਂ ਵੀ ਕੀਤੀਆਂ ਜਾ ਰਹੀਆਂ ਹਨ , ਬਾਵਜੂਦ ਇਸ ਗੱਲ ਦੇ ਕਿ ਜੰਮੂ-ਕਸ਼ਮੀਰ 'ਚ ਧਾਰਾ 370 ਦੇ ਖ਼ਾਤਮੇ ਦੇ ਬਾਅਦ ਭਾਰਤ-ਪਾਕਿਸਤਾਨ ਦੇ ਰਿਸ਼ਤਿਆਂ ਵਿੱਚ ਖੜੋਤ ਆ ਗਈ ਹੈ। ਵਪਾਰਕ ਰਿਸ਼ਤੇ ਤਹਿਸ਼-ਨਹਿਸ਼ ਹੋ ਗਏ ਹਨ, ਵਿਸ਼ਵ ਪੱਧਰ ਤੇ ਇੱਕ-ਦੂਜੇ ਦਾ ਭਰਵਾਂ ਵਿਰੋਧ ਕੀਤਾ ਜਾ ਰਿਹਾ ਹੈ, ਇੱਕ-ਦੂਜੇ ਨੂੰ ਭੰਡਿਆ ਜਾ ਰਿਹਾ ਹੈ। ਜੰਗ ਦੀਆਂ, ਅਤਿਵਾਦ ਗਤੀਵਿਧੀਆਂ ਦੀਆਂ, ਪ੍ਰਮਾਣੂ ਹਮਲੇ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ ਪਰ ਫਿਰ ਵੀ ਦੋਨੋਂ ਦੇਸ਼ ਕਰਤਾਰਪੁਰ ਲਾਂਘੇ ਦੇ ਸੌਦੇ ਨੂੰ ਆਖ਼ਰੀ ਛੋਹਾਂ ਦੇ ਰਹੇ ਹਨ। ਇਸ ਪਿੱਛੇ ਕਿਹੜੀ ਸਿਆਸਤ ਛੁੱਪੀ ਹੈ, ਇਹ ਤਾਂ ਬਾਅਦ 'ਚ ਪਤਾ ਲਗੇਗਾ?

ਪਾਕਸਿਤਾਨ ਸਰਕਾਰ ਵਲੋਂ ਗੁਰੂ ਨਾਨਕ ਦੇਵ ਜੀ ਦੇ ਸਨਮਾਨ ਵਿੱਚ ਇੱਕ ਪ੍ਰਦਰਸ਼ਨੀ ਲਾਹੌਰ ਸੰਗ੍ਰਿਹਾਲੇ ਵਿਖੇ ਲਗਾਈ ਗਈ ਹੈ। ਇਸ ਪ੍ਰਦਰਸ਼ਨੀ ਨੂੰ ਵੇਖਣ ਲਈ ਵੱਡੀ ਗਿਣਤੀ 'ਚ ਲੋਕ ਪੁੱਜ ਰਹੇ ਹਨ। ਇਸ ਪ੍ਰਦਰਸ਼ਨੀ ਵਿੱਚ ਸਭ ਤੋਂ ਮਹੱਤਵਪੂਰਨ ਚੀਜ਼ ਪਾਲਕੀ ਹੈ, ਜਿਸ ਨੂੰ ਸਿੱਖ ਸੰਗਤ ਨੇ "ਲਾਹੌਰ ਸੰਗ੍ਰਿਹਾਲੇ" ਨੂੰ ਦਾਨ ਦਿੱਤਾ ਹੈ। ਪ੍ਰਦਰਸ਼ਨੀ ਵਿੱਚ ਸਿੱਖ ਧਰਮ ਦੀ ਮਹਾਨਤਾ ਵਾਲੇ ਫੋਟੋ-ਚਿੱਤਰ, ਸਿੱਕੇ, ਸ਼ਾਲ, ਫਰਨੀਚਰ, ਹਥਿਆਰ ਅਤੇ ਬਸਤਰ ਵੀ ਰੱਖੇ ਗਏ ਹਨ। ਕਰਤਾਰਪੁਰ ਲਾਂਘੇ ਦੇ ਸਬੰਧ ਵਿੱਚ ਬਹੁਤ ਸਾਰਾ ਕੁਝ ਤਹਿ ਕੀਤਾ ਜਾ ਚੁੱਕਾ ਹੈ। ਪਾਕਿਸਤਾਨ ਸਰਕਾਰ ਗੁਰੂ ਨਾਨਕ ਦੇਵ ਦੇ 550 ਵੇਂ ਜਨਮ ਉਤਸਵਾਂ ਦੇ ਸਮਾਗਮਾਂ ਸਬੰਧੀ ਬਿਨ੍ਹਾਂ ਵੀਜ਼ਾ ਇੰਟਰੀ ਦੇਣ ਲਈ ਰਾਜੀ ਹੋ ਚੁੱਕੀ ਹੈ, ਪਰ ਪ੍ਰਤੀ ਸ਼ਰਧਾਲੂ ਸਰਵਿਸ ਫ਼ੀਸ ਵਜੋਂ 20 ਡਾਲਰ ਦੀ ਰਕਮ ਤਹਿ ਕਰਨਾ ਚਾਹੁੰਦੀ ਹੈ, ਜਿਸ ਨੂੰ ਭਾਰਤ ਸਰਕਾਰ ਵਲੋਂ ਪ੍ਰਵਾਨ ਨਹੀਂ ਕੀਤਾ ਜਾ ਰਿਹਾ ਹੈ। ਉਸਦਾ ਕਹਿਣਾ ਹੈ ਕਿ ਇਸ ਰਕਮ ਨੂੰ ਪਹੁੰਚਣ ਵਾਲੀ ਸੰਗਤ ਦੀ ਸੇਵਾ ਸਮੇਤ ਲੰਗਰ , ਪਾਣੀ ਆਦਿ ਲਈ ਖ਼ਰਚੀ ਜਾਏਗੀ। ਵੈਸੇ ਜਿਸ ਢੰਗ ਨਾਲ ਦੋਹਾਂ ਦੇਸ਼ਾਂ ਵਿਚਾਲੇ ਆਪਸੀ ਤਨਾਅ ਬਣਿਆ ਹੋਇਆ ਹੈ, ਕਰਤਾਰਪੁਰ ਲਾਂਘੇ ਸਮੇਂ ਆਉਣ ਵਾਲੀ ਗੁਰੂ ਨਾਨਕ ਲੇਵਾ ਸੰਗਤ ਬਿਨ੍ਹਾਂ ਵੀਜ਼ੇ ਤੋਂ ਕਰਤਾਰਪੁਰ ਸਾਹਿਬ ਗੁਰਦੁਆਰਾ ਸਾਹਿਬ ਦੇ ਦਰਸ਼ਨ-ਦੀਦਾਰੇ ਕਰ ਸਕੇਗੀ, ਇਹ ਵੀ ਆਪਣੇ ਆਪ ਵਿੱਚ ਇਕ ਸੁੱਖਦ ਘਟਨਾ ਤਾਂ ਹੈ, ਪਰ ਦੁਨੀਆਂ ਦੇ ਪੰਜਵੇਂ ਸਭ ਤੋਂ ਸੰਗਠਿਤ ਧਰਮ, "ਸਿੱਖ ਧਰਮ" ਦੇ ਲੋਕਾਂ ਦੀ ਹਮਦਰਦੀ ਹਾਸਲ ਕਰਨ ਦੀ ਵੱਡੀ ਸਿਆਸਤ ਵੀ ਇਸ ਵਿੱਚ ਛੁੱਪੀ ਹੋਈ ਹੈ। ਭਾਵੇਂ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਕਹਿੰਦੇ ਹਨ ਕਿ ਮੈਂ ਜਾਣਦਾ ਹਾਂ ਕਿ ਕਰਤਾਰਪੁਰ ਸਾਹਿਬ ਅਤੇ ਨਨਕਾਣਾ ਸਾਹਿਬ ਸਿੱਖਾਂ ਦੇ ਲਈ ਉਤਨਾ ਹੀ ਪਵਿੱਤਰ ਹੈ, ਜਿੰਨਾ ਕਿ ਮੁਸਲਮਾਨਾਂ ਲਈ ਮੱਕਾ ਅਤੇ ਮਦੀਨਾ। ਉਹਨਾ ਵਾਇਦਾ ਵੀ ਕੀਤਾ ਕਿ ਜਿਥੇ ਤੱਕ ਸੰਭਵ ਹੋ ਸਕੇਗਾ, ਮੈਂ ਇਹਨਾ ਪਵਿੱਤਰ ਥਾਵਾਂ ਤੱਕ ਸਿੱਖਾਂ ਦੀ ਪਹੁੰਚ ਸੌਖੀ ਬਣਾਵਾਂਗਾ। ਪਰ ਪਾਕਿਸਤਾਨ ਵਿੱਚ ਹੀ ਨਹੀਂ, ਭਾਰਤ ਵਿੱਚ ਵੀ ਘੱਟ ਗਿਣਤੀਆਂ ਜਿਹਨਾ ਵਿੱਚ ਸਿੱਖ ਵੀ ਸ਼ਾਮਲ ਹੈ, ਆਪਣੇ-ਆਪ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰ ਰਹੀਆਂ। '84 'ਚ ਦਿੱਲੀ ਅਤੇ ਦੇਸ਼ ਦੇ ਹੋਰ ਥਾਵਾਂ 'ਤੇ ਵਾਪਰੀਆਂ ਘਟਨਾਵਾਂ ਅਤੇ ਸਮੇਂ-ਸਮੇਂ ਦੇਸ਼ ਦੇ ਵੱਖੋ-ਵੱਖਰੇ ਭਾਗਾਂ 'ਚ ਹੁੰਦੇ ਇਹਨਾ ਤੇ ਹਮਲੇ ਕੀ ਇਸ ਤੱਥ ਦੀ ਪੁਸ਼ਟੀ ਨਹੀਂ ਕਰਦੇ? ਸਮੇਂ-ਸਮੇਂ ਤੇ ਵੋਟਾਂ ਦੀ ਸਿਆਸਤ ਕਰਦਿਆਂ ਕਦੇ ਭਾਰਤ ਦੀ ਸਰਕਾਰ "ਸਿੱਖਾਂ ਦੀ ਸੂਚੀ ਵਿੱਚੋਂ ਸਿੱਖਾਂ ਦੇ ਨਾਮ ਖ਼ਤਮ ਕਰ ਦਿੰਦੀ ਹੈ ਅਤੇ ਕਦੇ ਪਾਕਿਸਤਾਨ ਦੀ ਸਰਕਾਰ ਆਪਣੀ ਦਿੱਖ ਵਿਸ਼ਵ ਪੱਧਰ ਤੇ ਸਾਫ਼-ਸੁਥਰੀ ਕਰਨ ਲਈ ਘੱਟ ਗਿਣਤੀ ਲੋਕਾਂ ਪ੍ਰਤੀ ਉਥੋਂ ਦੇ ਲੋਕਾਂ ਨੂੰ ਜਾਗਰੂਕ ਕਰਨ ਲਈ ਕੋਈ ਨਾ ਕੋਈ ਕਦਮ ਪੁੱਟਦੀ ਹੈ। ਹਾਲਾਂਕਿ ਸਿੱਖ ਲੜਕੀਆਂ ਦੇ ਧਰਮ ਬਦਲਣ ਉਪਰੰਤ ਮੁਸਲਮਾਨ ਲੜਕਿਆਂ ਨਾਲ ਜਬਰਦਸਤੀ ਵਿਆਹ ਉਥੋਂ ਦੇ ਸਿੱਖਾਂ ਦੀ ਦਸ਼ਾ ਦੀ ਸਹੀ ਤਸਵੀਰ ਪੇਸ਼ ਕਰਦੇ ਹਨ। (ਬਾਕੀ ਸਫਾ 18 'ਤੇ)

### 20 ਸਤੰਬਰ ਬਰਸੀ 'ਤੇ ਵਿਸ਼ੇਸ਼

# ਸੇਵਾ ਦੇ ਪੁੰਜ ਤੇ ਸਾਝੀ ਵਾਲਤਾ ਦੇ ਪ੍ਰਤੀਕ ਭਾਈ ਘਨੱਈਆ ਜੀ



ਦਇਆਵਾਨ ਤੇ ਸਾਝੀਵਾਲਤਾ ਦੇ ਪ੍ਰੀਤਕ ਭਾਈ ਘਨੱਈਆ ਜੀ ਦਾ ਜਨਮ ਸੰਨ 1648 ਚ' ਪਾਕਿਸਤਾਨ ਦੇ ਜਿਲਾ ਸਿਆਲ ਕੋਟ ਦੇ ਪਿੰਡ ਸੌਦਾਰਾ ਵਿਖੇ ਮਾਤਾ ਸੁੰਦਰੀ ਜੀ ਅਤੇ ਪਿਤਾ ਨੱਥੂ ਰਾਮ ਦੇ ਗ੍ਰਹਿ ਵਿਖੇ ਹੋਇਆ।ਆਪ ਜੀ ਨੇ ਬਚਪਨ ਤੋ ਹੀ ਮਨੁੱਖਤਾ ਦੀ ਸੇਵਾ ਨੂੰ ਉੱਤਮ ਕਾਰਜ ਮੰਨਿਆ। ਗਰੀਬਾਂ, ਬੇਸਹਾਰਿਆਂ ਤੇ ਹੋ ਕਿਸੇ ਵੀਤਰਾਂ ਦੀ ਕਰੋਪੀ ਦੇ ਸਿਕਾਰ ਲੋਕਾ ਦੀ ਭਲਾਈ ਕਰਨਾ ਆਪਜੀ ਨੇ ਆਪਣਾ ਫਰਜ ਸਮਝਿਆ। ਧਰਮ ਨੂੰ ਲੋਕ-ਹਿੱਤਾਂ ਨਾਲ ਜੋੜ ਕੇ ਵੇਖਣ ਦੀ ਦ੍ਰਿਸ਼ਟੀ ਨੂੰ ਸਭ ਤੋ ਵੱਧ ਉਜਾਗਰ ਕੀਤਾ।ਲੋੜਵੰਦਾ ਦੀ ਸੇਵਾ ਨੂੰ ਆਪਣਾ ਕਰਮ-ਧਰਮ ਮੰਨਦੇ ਹੋਏ ਉਨਾਂ ਲੋਕਾਂ ਵਿੱਚ ਆਪਸੀ ਪ੍ਰੇਮ-ਪਿਆਰ, ਸਮਾਨਤਾ ਅਤੇ ਭਾਈ ਚਾਰੇ ਦੀਆਂ ਭਾਵਨਾਵਾਂ ਨੂੰ ਉਤਸਾਹਿਤ ਕੀਤਾ। ਗੁਰੂ ਘਰ ਦੇ ਸੱਚੇ ਸੇਵਕ ਭਾਈ ਘਨੱਈਆਂ ਜੀ ਦੇ ਦਸਮ ਪਿਤਾ ਅਤੇ ਮੁਗਲਾਂ ਤੇ ਪਹਾੜੀ ਹਿੰਦੂ ਰਾਜਿਆ ਦਰਮਿਆਨ ਹੋਈਆ ਜੰਗਾ ਵਿੱਚ ਸਿੱਖਾਂ ਦੇ ਨਾਲ ਨਾਲ ਵੈਰੀ ਦਲ ਨੂੰ ਪਾਣੀ ਪਿਲਾ ਕੇ ਅਤੇ ਜਖਮੀਆ ਦੀ ਮੱਲਮ ਪੱਟੀ ਕਰਕੇ ਮਨੁੱਖੀ ਸੇਵਾ ਦੀ ਸਹੀ ਪਰਿਭਾਸਾਂ ਦੁਨੀਆ ਸਾਹਮਣੇ ਪੇਸ ਕੀਤੀ। ਜੋ ਕਿ ਇੱਕ ਤਰਾਂ ਨਾਲ ਰੈਡ ਕਰਾਸ ਲਹਿਰ ਦਾ ਮੁੱਢ ਹੀ ਸੀ। ਪੁਰਾਤਨ ਇਤਿਹਾਸ ਮੁਤਾਬਿਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਪਿਤਾ ਜੀ ਦੀ ਸਹਾਦਤ ਤੋ ਬਾਅਦ ਸਾਰੇ ਸਿੱਖਾਂ ਨੂੰ ਆਪਣੇ ਪਾਸ ਬੁਲਾਇਆ ਤਾਂ ਆਪ ਵੀ ਗੁਰੂ ਜੀ ਕੋਲ ਪਹੁੰਚ ਗਏ ਤੇ ਗੁਰੂ ਜੀ ਦੇ ਕਹਿਣ ਤੇ ਪਾਣੀ ਦੀਆਂ ਮਸ਼ਕਾ ਭਰ-ਭਰ ਕੇ ਪਿਆਸਿਆ ਦੀ ਪਿਆਸ ਬੁਝਾਉਦੇ ਰਹੇ। ਆਪ ਅਨੰਦਪੁਰ ਸਾਹਿਬ ਤੋ ਪਾਉਟਾ ਸਾਹਿਬ ਗੁਰੂ ਜੀ ਦੇ ਨਾਲ ਹੀ ਚਲੇ ਗਏ।ਉਥੇ ਜਦ ਜੰਗਾਂ-ਯੁੱਧਾਂ ਦਾ ਚੱਕਰ ਚੱਲ ਪਿਆ ਤਾਂ ਆਪ ਨੇ ਪਾਣੀ ਪਿਲਾਉਣ ਦੀ ਅਤਿ ਕਠਿਨ ਸੇਵਾ ਸੰਭਾਲ ਲਈ ।ਆਪ ਆਪਣੇ ਖੱਬੇ ਵਿੱਚ ਚਿੱਟਾ ਝੰਡਾ ਤੇ ਚਿੱਟੇ ਬਸਤਰ ਪਹਿਨ ਕੇ ਬਿਨਾਂ ਵਿਤਕਰੇ ਦੇ ਪਾਣੀ ਪਿਲਾਈ ਜਾਦੇ। ਜਦ। ਸਿੱਖਾਂ ਨੇ ਦੇਖਿਆ ਕਿ ਭਾਈ ਘਨੱਈਆ ਸਾਡੇ ਨਾਲ ਨਾਲ ਵੈਰੀਆ ਨੂੰ ਪਾਣੀ ਪਿਲਾਈ ਜਾਦੇ ਹਨ, ਤਾ ਇੱਥੋ ਤੱਕ ਕਹਿ ਦਿੱਤਾ ਕਿ ਲੱਗਦਾ ਹੈ ਇਨਾਂ ਨੂੰ ਵੈਰੀਆਂ ਨੇ ਖਰੀਦ ਲਿਆ ਹੈ।ਇਸ ਦੀ ਸਿਕਾਇਤ ਸਿੱਖਾ ਨੇ ਗੁਰੂ ਗੋਬਿੰਦ ਸਿੰਘ ਜੀ ਕੋਲ ਕੀਤੀ।ਗੁਰੂ ਜੀ ਦੇ ਪੁੱਛਣ ਤੇ ਭਾਈ ਘਨੁੱਈਆ ਜੀ ਨੇ ਹੱਥ ਜੋੜ ਕੇ ਨਿਮਰਤਾ ਸਹਿਤ ਬੇਨਤੀ ਕੀਤੀ ਕੇ ਹੇ ਪਾਤਸ਼ਾਹ, ਮੈ ਕਿਸੇ ਹਿੰਦੂ ਜਾਂ ਮੁਸਲਮਾਨ ਨੂੰ ਪਾਣੀ ਨਹੀ ਪਿਲਾਉਦਾ, ਮੈ ਤਾਂ ਹਰ ਥਾਵੇ ਆਪ ਜੀ ਦਾਹੀ ਰੂਪ ਵੇਖਦਾ ਹਾਂ, ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਖੁਸ ਹੋ ਕੇ ਮਲ੍ਹਮ ਦੀ ਡੱਬੀ ਤੇ ਪੱਟੀ ਵੀ ਨਾਲ ਦੇ ਦਿੱਤੀ ਤੇ ਹੁਕਮ ਕੀਤਾ ਕਿ ਭਾਈ ਘਨੁੱਈਆ ਜੀ ਅੱਜ ਤੋ ਮਲ੍ਹਮ ਪੱਟੀ ਦੀ ਸੇਵਾ ਵੀ ਸੰਭਾਲ ਲਉ ਤੇ ਪਾਣੀ ਪਿਲਾਉਣ ਦੇ ਨਾਲ ਜਖਮੀਆਂ ਦੇ ਮਲ੍ਹਮ ਪੱਟੀ ਵੀ ਕਰ ਦਿਆ ਕਰੋ । ਜੇਕਰ ਅੱਜ ਰੈੱਡ ਕਰਾਸ ਦਾ ਅਸਲ ਜਨਮ ਦਾਤਾ ਭਾਈ ਘਨੁੱਈਆ ਜੀ ਨੂੰ ਕਿਹਾ ਜਾਵੇ ਤਾ ਇਸ ਵਿੱਚ ਕੋਈ ਅਤਿਕਥਨੀ ਨਹੀ ਹੋਵੇਗੀ। ਸੰਨ 1704 ਈ.ਵਿੱਚ ਜਦ ਗੁਰੂ ਜੀ ਨੇ ਆਨੰਦਪੁਰ ਛੱਡਿਆ ਤਾ ਆਪ ਜੀ ਫਿਰ ਉਰਾ ਕਵ੍ਹੇ ਪਿੰਡ ਆ ਗਏ।ਭਾਈ ਘਨੁੱਈਆ ਜੀ ਗੁਰੂ ਜੀ ਦੇ ਬਹੁਤ ਹੀ ਪਿਆਰੇ ਸਿੱਖ ਬਣ ਗਏ ਸਨ। ਗੁਰੂ ਜੀ ਆਪਣੇ ਪਿਆਰੇ ਸਿੱਖਾਂ ਦੀ ਆਪ ਰੱਖਿਆ ਕਰਦੇ ਸਨ।ਸੰਨ 1712 ਈ. ਦੀ ਗੱਲ ਹੈ ਕਿ ਭਾਈ ਘਨੁੱਈਆ ਜੀ ਵੈਰੀਆ ਦੇ ਝੁੰਗਲ ਵਿੱਚ ਫਸ ਗਏ। ਇੱਕ ਸੈਨਿਕ ਭਾਈ ਸਾਹਿਬ ਤੇ ਹੱਥ ਚੁੱਕਣ ਲੱਗਾ ਤਾ ਉਸਦਾ ਹੱਥ ਉਥੇ ਹੀ ਰੁਕ ਗਿਆ ਤੇ ਉਨ੍ਹਾ ਨੂੰ ਭਾਈ ਘਨੁਈਆ ਜੀ ਇੱਕਲੇ ਨਹੀ ਸਗੋ ਭਾਈ ਸਾਹਿਬ ਦੇ ਪਿੱਛੋ ਫੌਜਾ ਦਾ ਲਕਸ਼ਰ ਦਿਖਾਈ ਦਿੱਤਾ ਤੇ ਉਹ ਉਥੋ ਡਰਦੇ ਨੱਸ ਗਏ।ਸੇਵਾ ਤੇ ਸਿਮਰਣ ਦੀ ਮੂਰਤੀ ਭਾਈ ਘਨੁੱਈਆ ਜੀ ਨਾਮ ਬਾਣੀ ਦੇ ਰਸੀਏ ਸਨ। ਆਪ ਅੰਤ ਸਮਾ ਨੇੜੇ ਆਇਆ ਜਾਣ ਕੇ 1718 ਵਿੱਚ ਉਰਾ ਕਵ੍ਹੇ ਵਿੱਚ ਰੋਜਾਨਾ ਹੀ ਕੀਰਤਨ ਸੁਣਦੇ ਰਹਿੰਦੇ ਸਨ। ਅੰਤਰਲੇ ਸਮੇ ਵੀ ਆਪ ਥੰਮ੍ਹ ਨਾਲ ਢੋਹ ਲਾ ਕੇ ਕੀਰਤਨ ਸੁਣ ਰਹੇ ਸਨ। 20 ਸਤੰਬਰ ਸੰਨ 1718 ਈ. ਨੂੰ ਕੀਰਤਨ ਦੀ ਸਮਾਪਤੀ ਤੇ ਵੀ ਜਦ ਆਪ ਦੀ ਸਮਾਧੀ ਨਾਂ ਖੁੱਲੀ ਤਾ ਸੰਗਤਾ ਦੇ ਹਿਲਾਉਣ ਤੇ ਪਤਾ ਲੱਗਾ ਕਿ ਆਪ ਜੀ ਸੱਚ ਖੰਡ ਗੁਰੂ ਚਰਨਾਂ ਵਿੱਚ ਜਾ ਬਰਾਜੇ ਹਨ।

ਅੱਜ ਸੇਵਾ ਅਸਥਾਨ ਭਾਈ ਘਨੱਈਆ ਜੀ ਸ੍ਰੀ ਆਨੰਦਪੁਰ ਸਾਹਿਬ ਵਿਖੇ ਅਤੇ ਪੂਰੇ ਦੇਸ਼ ਅੰਦਰ ਵੱਖ-ਵੱਖ ਸੰਸਥਾਵਾ ਵੱਲੋ ਹਰ ਸਾਲ 20 ਸਤੰਬਰ ਨੂੰ ਇਹਨਾ ਦੀ ਬਰਸੀ ਬੜੀ ਸ਼ਰਧਾ ਨਾਲ ਮਨਾਂਈ ਜਾਦੀ ਹੈ।



ਨਵਜੋਤ ਬਜਾਜ (ਗੱਗੂ)
91-98721-02614

# ਕਰਤਾਰਪੁਰ ਲਾਂਘਾ, ਗੁਰੂ ਨਾਨਕ ਲੇਵਾ ਅਤੇ ਸਰਕਾਰਾਂ

(ਸਫਾ 17 ਦੀ ਬਾਕੀ)

ਦੋਹਾਂ ਦੇਸ਼ਾਂ ਦੀਆਂ ਸਰਕਾਰਾਂ ਅਮਲ 'ਚ ਕੁਝ ਹੋਰ, ਪਰ ਅਸਲ ਵਿੱਚ ਕੁਝ ਹੋਰ ਕਰਦੀਆਂ ਦਿਸਦੀਆਂ ਹਨ। ਭਾਰਤ ਵਿਚਾਲੇ ਸਥਾਨਕ ਸਿਆਸਤਦਾਨਾਂ ਦਾ ਹਾਲ ਵੀ ਇਹਨਾ ਤੋਂ ਵੱਖਰਾ ਨਹੀਂ। ਪਿਛਲੇ ਸਮੇਂ ਤੋਂ ਵੋਟਾਂ ਦੀ ਸਿਆਸਤ ਭਾਰਤ ਦੇ ਸਿਆਸਤਦਾਨਾਂ ਤੇ ਸਦਾ ਭਾਰੂ ਨਜ਼ਰ ਆ ਰਹੀ ਹੈ। ਹੋਰ ਮਸਲਿਆਂ, ਮਾਮਲਿਆਂ 'ਤੇ ਤਾਂ ਸਿਆਸਤਦਾਨਾਂ ਸਿਆਸਤ ਕਰਨੀ ਹੀ ਹੈ, ਉਹ ਤਾਂ 'ਬਾਬੇ ਨਾਨਕ' ਦੇ ਸਿਧਾਂਤ ਦੇ ਪ੍ਰਚਾਰ, ਪ੍ਰਸਾਰ ਲਈ ਵੀ ਸਿਆਸਤ ਕਰਨ ਤੇ ਲੱਗੇ ਹੋਏ ਹਨ। ਆਪੋ-ਆਪਣੀ ਧਿਰ ਦੇ "ਵਿਦਵਾਨਾਂ" ਨੂੰ ਲੱਭ ਰਹੇ ਹਨ, ਆਪੋ-ਆਪਣੀ ਧਿਰ ਦੇ ਚਿੰਤਕਾਂ ਤੋਂ ਆਪਣੇ ਲਈ ਬਿਆਨ-ਵਿਖਿਆਨ ਤਿਆਰ ਕਰਵਾ ਰਹੇ ਹਨ। ਸਰਕਾਰੀ/ਗੈਰ-ਸਰਕਾਰੀ, ਪੰਥਕ ਧਿਰਾਂ ਦੇ ਨਾਮ ਉਤੇ ਵੰਡੇ ਇਹ ਕਥਿਤ ਵਿਦਵਾਨ, ਸੂਝਵਾਨ, ਸਿਆਸਤਦਾਨਾਂ ਦੀ ਬੋਲੀ ਬੋਲਦੇ, ਸੱਚ ਬੋਲਣ ਦਾ ਹੀਆ ਹੀ ਨਹੀਂ ਕਰ ਰਹੇ। ਬਾਬੇ ਨਾਨਕ ਦੀ ਬਾਣੀ "ਸਚੁ ਸੁਣਇਸੀ ਸਚੁ ਕੀ ਬੇਲਾ" ਦੇ ਅਰਥ ਤਾਂ ਭੁੱਲ ਹੀ ਗਏ ਹਨ ਉਹ! "ਕੂੜ ਫਿਰੇ ਪ੍ਰਧਾਨ ਵੇ ਲਾਲੋ' ਕਹਿਣਾ ਤਾਂ ਉਹਨਾ ਦੀ ਜੁਬਾਨ 'ਤੇ ਆ ਹੀ ਨਹੀਂ ਰਿਹਾ। ਜਾਪਦਾ ਹੈ ਬਾਬੇ ਨਾਨਕ ਦਾ ਪੰਜਾਬ ਜ਼ਿਹਨੀ ਤੌਰ 'ਤੇ ਕੰਗਾਲ ਤੇ ਗੁਲਾਮ ਹੀ ਹੋ ਗਿਆ ਹੈ। ਕਥਿਤ ਪੰਥਕ ਆਗੂ ਪੰਥ ਵੇਚਕੇ ਕੁਰਸੀਆਂ ਸਾਂਭਣ ਦੇ ਆਹਰ ਵਿੱਚ ਹਨ। 'ਸਰਕਾਰੀਏ' ਆਪਣੀ ਚੌਧਰ ਚਮਕਾਉਣ ਦੇ ਰਾਹ ਹਨ। ਇਸ ਸਮੇਂ ਇਹੋ ਜਿਹੀ ਸਥਿਤੀ 'ਚ ਕੌਣ ਬੋਲੇ, ਤਕੱੜੀ 'ਚ ਸੱਚ-ਝੂਠ ਕੌਣ ਤੋਲੇ?

ਗੁਰੂ ਨਾਨਕ ਦੇਵ ਜੀ ਦੀ 550ਵੀਂ ਜਨਮ ਸ਼ਤਾਬਦੀ ਮਨਾਈ ਜਾਏਗੀ।ਮਨਾਈ ਜਾਣੀ ਵੀ ਚਾਹੀਦੀ ਆ। ਬਾਬੇ ਨਾਨਕ ਦੇ ਸੱਚੇ ਬੋਲ ਪੰਜਾਬ 'ਚ ਹੀ ਨਹੀਂ, ਦੁਨੀਆਂ ਭਰ 'ਚ ਸੁਣੇ ਜਾਣੇ ਚਾਹੀਦੇ ਹਨ। ਪਰ ਵੱਡੇ ਸਮਾਗਮ ਰਚਕੇ, ਵੱਡੀਆਂ ਤਰਕੀਬਾਂ ਦਾ ਜੁਗਾੜ ਕਰਕੇ, ਕੀ ਗੁਰੂ ਨਾਨਕ ਦੇਵ ਦੇ ਫ਼ਲਸਫ਼ੇ ਵਿੱਚੋਂ ਕੁਝ ਸਰਕਾਰੀਏ, ਦਰਬਾਰੀਏ, ਪੰਥਕ ਧਿਰਾਂ ਆਪਣੇ ਪੱਲੇ ਕੁਝ ਬੰਨਣਗੀਆਂ? ਦੂਜੇ ਪਾਸੇ ਪੰਜਾਬ ਦੇ ਲੋਕ ਇਹਨਾ ਸਮਾਗਮਾਂ ਤੋਂ ਕੁਝ ਸਿੱਖਣਗੇ? ਜਾਂ ਸਿਰਫ਼ ਸ਼ਰਧਾਵਾਨ ਹੋਕੇ ਨਤਮਸਤਕ ਹੁੰਦੇ ਬਾਬੇ ਨਾਨਕ ਤੋਂ ਬੱਸ 'ਪਰਿਵਾਰਾਂ ਲਈ ਦਾਨ ਹੀ ਮੰਗਣਗੇ"।

ਬਾਬਾ ਨਾਨਕ ਤਾਂ ਪੰਜਾਬ ਦੇ ਕਣ-ਕਣ 'ਚ ਵਸਿਆ ਹੋਇਆ ਹੈ। ਖੇਤਾਂ ਦੀ ਮਿੱਟੀ ਨੂੰ ਹੱਥ ਲਾਉ, ਬਾਬੇ ਨਾਨਕ ਦੀ ਕਿਰਤੀ ਆਵਾਜ਼ ਸੁਣਾਈ ਦੇਵੇਗੀ। ਪੰਜਾਬ ਦਾ ਕਿਸਾਨ ਕਿਰਤ ਕਰਦਿਆਂ 'ਘਾਲਿ ਖਾਇ ਕਿਛੁ ਹਥਹੁ ਦੇਇ' ਦਾ ਅਲਾਪ ਕਰਦਾ ਹੈ, ਪਰ ਕਰਜ਼ੇ 'ਚ ਗ੍ਰਸਿਆ, ਕਈ ਵੇਰ ਇੰਨਾ ਦੁੱਖੀ ਹੋ ਤੁਰਦਾ ਹੈ ਕਿ ਬਾਬੇ ਨਾਨਕ ਦੇ ਸਿਧਾਂਤ ਨੂੰ ਹੀ ਭੁੱਲ ਬੈਠਦਾ ਹੈ ਮਜ਼ਬੂਰੀ ਵਿੱਚ ਗ੍ਰਹਿਸਥੀ ਜੀਵਨ ਤਿਆਗਣ ਦੇ ਰਾਹ ਪੈ ਕੇ। ਨਹੀਂ ਤਾਂ ਪੰਜਾਬ "ਕੁੜੀਮਾਰ' ਕਿਉਂ ਅਖਵਾਏ? ਨਹੀਂ ਤਾਂ ਪੰਜਾਬ ਨਸ਼ਈ ਕਿਉਂ ਅਖਵਾਏ? ਨਹੀਂ ਤਾਂ ਪਾਣੀ ਦੀਆਂ ਥੁੜਾਂ ਵਾਲਾ ਪੰਜਾਬ ਕਿਉਂ ਅਖਵਾਏ? ਪੰਜਾਬ ਦਾ ਗੁਰੂ ਨਾਨਕ ਲੇਵਾ ਸ਼ਰਧਾਵਾਨ ਸਿੱਖੀ ਸਿਧਾਤ ਭੁੱਲਕੇ ਪੁਠੇ ਕੰਮੀਂ ਕਿਉਂ ਲੱਗੇ? ਹਰੇਕ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਤੇ ਫ਼ਲਸਫ਼ੇ ਨੂੰ ਮੰਨਣ ਵਾਲੇ ਲੋਕਾਂ ਦੀ ਇਹ ਮਨ ਦੀ ਇੱਛਾ ਹੋਏਗੀ ਕਿ ਗੁਰੂ ਨਾਨਕ ਦੇਵ ਜੀ ਦੀ ਮਹਿਮਾ ਜਗਤ ਭਰ 'ਚ ਪਹੁੰਚਾਈ ਜਾਵੇ। ਉਹਨਾ ਦੇ ਸਿਧਾਂਤ ਨੂੰ ਦੂਰ-ਦੁਰੇਡੇ ਪਹੁੰਚਾਉਣ ਲਈ ਬਾਬੇ ਨਾਨਕ ਦੀ ਬਾਣੀ ਦਾ ਬਾਕੀ ਬੋਲੀਆਂ 'ਚ ਉਲਥਾ ਕਰਕੇ ਜਗਤ ਦੇ ਬਾਕੀ ਲੋਕਾਂ ਤੱਕ ਪਹੁੰਚਾਇਆ ਜਾਵੇ। ਬਾਬਾ ਨਾਨਕ ਜੀ ਸਾਰੀ ਜ਼ਿੰਦਗੀ ਇੱਕ ਸਧਾਰਨ ਕਿਰਤੀ ਵਜੋਂ ਜ਼ਿੰਦਗੀ ਵਸਰ ਕਰਦੇ ਰਹੇ ਤੇ ਕਿਰਤ ਕਰਨ, ਵੰਡਕੇ ਛੱਕਣ ਦੀ ਧਾਰਨਾ ਨੂੰ ਚਹੁੰ ਕੂਟਾਂ ਤੱਕ ਪਹੁੰਚਾਉਣ ਲਈ ਆਪਣੀਆਂ ਜਗਤ ਫੇਰੀਆਂ ਦੌਰਾਨ ਹੋਰ ਧਰਮਾਂ ਦੇ ਲੋਕਾਂ ਨਾਲ ਸੰਵਾਦ ਰਚਾਉਂਦੇ ਰਹੇ। ਅੱਜ ਜਦੋਂ ਕਿ ਸੰਵਾਦ ਸਾਡੀ ਜ਼ਿੰਦਗੀ ਅਤੇ ਸਮਾਜ ਵਿੱਚੋਂ ਲਗਾਤਾਰ ਮਨਫ਼ੀ ਹੋ ਰਿਹਾ ਹੈ, ਉਸ ਨੂੰ ਮੁੜ ਜੀਉਂਦਿਆਂ ਕਰਨ ਦੀ ਕੀ ਲੋੜ ਨਹੀਂ? ਕੀ ਹਿੰਦ-ਪਾਕਿ ਸਰਕਾਰਾਂ ਸੰਵਾਦ ਰਾਹੀਂ ਆਪਸੀ ਮਸਲਿਆਂ ਦਾ "ਸਾਂਝੀਵਾਲਤਾ, ਪਿਆਰ" ਦੇ ਗੁਰੂ ਸਾਹਿਬ ਦੇ ਸੰਦੇਸ਼ ਅਨੁਸਾਰ ਹੱਲ ਨਹੀਂ ਕਰ ਸਕਦੀਆਂ ਤਾਂ ਕਿ ਮੁੜ ਸੰਤਾਲੀ ਨਾ ਵਾਪਰੇ, ਮੁੜ 1971 ਦੀ ਜੰਗ ਨਾ ਹੋਵੇ, ਤਾਂ ਕਿ ਪ੍ਰਮਾਣੂ ਬੰਬਾਂ ਦੇ ਭਿਅੰਕਰ ਬੋਲ ਹਵਾ 'ਚ ਨਾ ਗੂੰਜਣ!

ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ ਮੂੰਹੋਂ ਬੋਲੇ ਬੋਲ ਪੁਗਾਉਣ ਲਈ ਇਸ ਸਾਲ ਨਵੰਬਰ 'ਚ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਮਨਾਉਣ ਅਤੇ ਕਰਤਾਰਪੁਰ ਲਾਂਘੇ ਰਾਹੀਂ ਸਿੱਖ ਸੰਗਤਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਪੈਰਾਂ ਦੀ ਚਰਨ ਛੋਹ ਪ੍ਰਾਪਤ ਅਤੇ ਉਹਨਾ ਦੇ ਹੱਥਾਂ ਨਾਲ ਕਿਰਤ ਕਰਨ ਵਾਲੀ ਜ਼ਮੀਨ 'ਤੇ ਉਸਾਰੇ ਕਰਤਾਰਪੁਰ ਸਾਹਿਬ ਗੁਰਦੁਆਰਾ ਸਾਹਿਬ ਦੇ ਦਰਸ਼ਨ ਦੀਦਾਰੇ ਕਰਵਾਉਣ ਉਪਰੰਤ, ਕੀ ਕਰਤਾਰਪੁਰ ਲਾਂਘਾ ਮੁੜ ਦੋਹਾਂ ਸਰਕਾਰਾਂ ਦੀ ਸਿਆਸਤ ਦੀ ਭੇਟ ਤਾਂ ਨਹੀਂ ਚੜ੍ਹ ਜਾਏਗਾ?






# ਮੋਦੀ ਸਰਕਾਰ ਖਿਲਾਫ ਫਰਾਂਸ 'ਚ ਵੱਸਦੇ ਪੰਜਾਬੀ ਭਾਈਚਾਰੇ ਨੇ ਆਈਫਲ ਟਾਵਰ ਵਿਖੇ ਕੀਤਾ ਰੋਸ ਮੁਜਾਹਰਾ





**ਫਗਵਾੜਾ/ ਅਲਾਵਲਪੁਰ ((ਬੀ.ਕੇ. ਰੱਤੂ/ ਮਦਨ ਬੰਗੜ)–** ਫਰਾਂਸ ਦੀ ਰਾਜਧਾਨੀ ਪੈਰਿਸ ਸਥਿਤ ਆਈਫਲ ਟਾਵਰ ਦੇ ਸਾਹਮਣੇ ਬਹੁਜਨ ਸਮਾਜ ਵਲੋਂ ਇਤਿਹਾਸਿਕ ਇਕੱਠ ਕੀਤਾ ਗਿਆ। ਜਿਸ ਵਿਚ ਸ਼੍ਰੀ ਗੁਰੂ ਰਵਿਦਾਸ ਸਭਾ ਪੈਰਿਸ ਦੇ ਮਹਾਨ ਉਪਰਾਲੇ ਸਦਕਾ, ਭਗਵਾਨ ਵਾਲਮੀਕ ਸਭਾ ਪੈਰਿਸ, ਸ਼੍ਰੀ ਗੁਰੂ ਰਵਿਦਾਸ ਗੁਰੂ ਘਰ ਬਲੋਮੀਨਲ, ਸਿੰਘ ਸਭਾ ਬੋਬੀਨੀ, ਬਸਪਾ ਸਪੋਰਟਰ ਫਰਾਂਸ, ਡਾਕਟਰ ਅੰਬੇਡਕਰ ਇੰਟਰਨੈਸ਼ਨਲ ਫੈਡਰੇਸ਼ਨ ਫਰਾਂਸ ਅਤੇ ਹੋਰ ਵੱਖ ਵੱਖ ਸਮਾਜਿਕ ਜਥੇਬੰਦੀਆਂ ਵਲੋਂ ਸਾਂਝੇ ਤੋਰ ਸ਼ਾਮਿਲ ਹੋਈਆਂ, ਸਾਰੀਆਂ ਜਥੇਬੰਦੀਆਂ ਵਲੋਂ ਇਕ ਸੁਰ ਵਿਚ ਗੁਰੂ ਜੀ ਦੇ ਸਥਾਨ ਨੂੰ ਢਹਿ ਢੇਰੀ ਕਰਨ ਦੀ ਸਖਤ ਸ਼ਬਦਾ ਵਿਚ ਨਿਖੇਧੀ ਕੀਤੀ ਗਈ। ਭਗਵਾਨ ਵਾਲਮੀਕਿ ਸਭਾ ਵਲੋਂ ਪ੍ਰਧਾਨ ਸੁਰਿੰਦਰ ਕੁਮਾਰ, ਨਿਰਮਲ ਸਹੋਤਾ ਅਤੇ ਸਮੂਹ ਮੈਬਰਾਂ ਨਾਲ ਹਾਜਰੀ ਲਗਵਾਈ, ਅਤੇ ਭਗਵਾਨ ਵਾਲਮੀਕਿ ਵਾਰੇ ਗ਼ਲਤ ਤਰੀਕੇ ਨਾਲ ਚਲਾਇਆ ਜਾ ਰਿਹਾ ਸੀਰੀਅਲ ਬੰਦ ਕਰਨ ਦੀ ਮੰਗ ਕੀਤੀ ਗਈ, ਬਲੋਮੀਨਲ ਗੁਰੂ ਘਰ ਤੋਂ ਰਾਮ ਲਾਲ, ਬਲਵੀਰ ਮੌਲੀ ਅਤੇ ਸਾਥੀ ਲਾਖਾ ਜੀ ਵਲੋਂ ਮੰਦਿਰ ਨੂੰ ਢਾਹ ਢੇਰੀ ਕਰਨ ਤੇ ਦੁੱਖ ਜਾਹਿਰ ਕੀਤਾ ਗੁਰਦੁਵਾਰਾ ਸਿੰਘ ਸਭਾ ਬੋਬੀਨੀ ਤੋਂ ਭਾਈ ਸ਼ੰਗਾਰਾ ਸਿੰਘ ਮਾਨ, ਭਾਈ ਚੈਨ ਸਿੰਘ, ਭਾਈ ਕਸ਼ਮੀਰ ਸਿੰਘ, ਰਘਵੀਰ ਸਿੰਘ, ਪਿਰਥੀਪਲ ਸਿੰਘ, ਰਾਮ ਸਿੰਘ ਵਿਰਕ, ਪਾਲ ਸਿੰਘ, ਬੁਹਤ ਸ਼ਖ਼ਤ ਸ਼ਬਦਾਂ ਵਿਚ ਸਰਕਾਰ ਦੀ ਨਿਖੇਧੀ ਕੀਤੀ ਅਤੇ ਅਗਲੇ ਸੰਘਰਸ਼ ਵਿਚ ਹਰ ਤਰਾਂ ਦਾ ਸਹਿਯੋਗ ਦੇਣ ਦਾ ਵਾਅਦਾ ਕੀਤਾ, ਭਾਈ ਹਰਵਿੰਦਰ ਸਿੰਘ ਜਰਮਨੀ ਨੇ ਵੀ ਵਿਚਾਰਾਂ ਦੀ ਸਾਂਝ ਕੀਤੀ। ਬਸਪਾ ਸਪੋਰਟਰ ਫਰਾਂਸ ਦੇ ਮਿਸ਼ਨਰੀ ਵਰਕਰ ਰਜਤ ਮੱਲ, ਬਿੱਟੂ ਬੰਗੜ, ਹਰਬੰਸ ਮੱਲ ਅਤੇ ਸੋਨੂ ਨੇ ਵਿਚਾਰ ਰੱਖੇ, ਸਾਰੀਆਂ ਨੇ ਦੇਸ਼ ਵਿਚ ਰਾਜਨੀਤਕ ਸਤਾ ਪ੍ਰਾਪਤੀ ਤੋਂ ਬਿਨਾ ਆਪਨੇ ਧਾਰਮਿਕ ਸਥਾਨ ਨੂੰ ਸੁਰੱਖਿਅਤ ਨਹੀਂ ਕੀਤਾ ਜਾ ਸਕਦਾ, ਬੇਟੀ ਕਿਰਨ ਅਤੇ ਸ਼੍ਰੀਮਤੀ ਨਿੰਦਰ ਰਲੂ ਵਲੋਂ ਅੰਗਰੇਜੀ ਅਤੇ ਫ਼੍ਰੇਂਚ ਭਾਸ਼ਾ ਵਿਚ ਵਿਸਥਾਰ ਨਾਲ ਦੇਸ਼ ਅੰਦਰ ਘੱਟ ਗਿਣਤੀਆਂ ਤੇ ਹੋ ਰਹੇ ਸਰਕਾਰੀ ਜੁਲਮ ਦੀ ਦਾਸਤਾਨ ਬਿਆਨ ਕੀਤੀ ਗਈ। ਹਰਵਿੰਦਰ ਸਹਿਗਲ, ਦਰਸ਼ਨ ਰਾਮ, ਰਾਜ ਕੌਲ, ਜਸਪਾਲ ਸਿੰਘ ਅਤੇ ਸ਼ਸ਼ੀ ਪਾਲ ਨੇ ਸੰਤ ਸਮਾਂਜ ਦੇ ਮਹਾਪੁਰਸ਼ਾ ਵਲੋਂ ਕੀਤੇ ਜਾ ਰਹੇ ਅੰਦੋਲਨ ਦੀ ਹਮਾਇਤ ਕੀਤੀ ਅਤੇ ਤਨ ਮਨ ਧਨ ਨਾਲ ਸਹਿਯੋਗ ਕਰਨ ਦਾ ਵਾਅਦਾ ਕੀਤਾ। ਬਹੁਜਨ ਸਮਾਜ ਦੇ ਮਿਸ਼ਨਰੀ ਸਾਥੀ ਦੇਵ ਪਾਲ ਪੱਦੀ ਖਾਲਸਾ ਨੇ ਬੁਹਤ ਹੀ ਵਿਸਥਾਰ ਨਾਲ ਦਿੱਲੀ ਦੇ ਤੁਗਲਕਾਬਾਦ ਦੀ ਘਟਨਾ ਦੀ ਜਾਣਕਾਰੀ ਦਿਤੀ, ਇਤਹਾਸਕ ਅਸਥਾਨ ਨੂੰ ਜਲਦੀ ਬਹੁਜਨ ਸਮਾਜ ਦੇ ਸਪੁਰਦ ਕਰਨ ਦੀ ਚਿਤਾਵਨੀ ਦਿਤੀ। ਸ਼ਿਦਰ ਪਾਲ ਵਾਈਸ ਪ੍ਰਧਾਨ ਨੇ ਸ਼੍ਰੀ ਗੁਰੂ ਰਵਿਦਾਸ ਸਭਾ ਯੂ ਕੇ ਐਂਡ ਅਬਰੋਡ ਸਭਾ ਵਲੋਂ ਵਿਚਾਰ ਰੱਖਦਿਆਂ ਕਿਹਾ ਕਿ ਬਹੁਜਨ ਸਮਾਜ ਨੂੰ ਊਨਾ ਮੰਦਰਾਂ ਤੇ ਨਹੀਂ ਜਾਣਾ ਚਾਹੀਦਾ ਜਿਥੇ ਊਨਾ ਦਾ ਅਪਮਾਨ ਕੀਤਾ ਜਾਂਦਾ ਹੈ। ਸ੍ਰੀ ਗੁਰੂ ਰਵਿਦਾਸ ਸਭਾ ਪੈਰਿਸ ਦੇ ਚੈਅਰਮੈਨ ਮੁਖਤਿਆਰ ਕੌਲ ਨੇ ਸਾਰੀਆਂ ਸਭਾਵਾਂ ਦਾ ਰੋਸ ਪ੍ਰਦਰਸ਼ਨ ਨੂੰ ਸਫਲ ਕਰਨ ਲਈ ਧੰਨਵਾਦ ਕੀਤਾ। ਸ਼੍ਰੀ ਗੁਰੂ ਰਵਿਦਾਸ ਸਭਾ ਦੇ ਪ੍ਰਧਾਨ ਚਮਨ ਲਾਲ, ਉਪ ਪ੍ਰਧਾਨ ਦਵਿੰਦਰ ਰਲੂ, ਸਕੱਤਰ ਰੋਸ਼ਨ ਗੁਰੂ, ਕੈਸ਼ੀਅਰ ਨਰਿੰਦਰ ਕੁਮਾਰ, ਪਰਮਜੀਤ ਸਿੰਘ ਦੇ ਉੱਦਮ ਸਦਕਾ ਵਿਸ਼ਾਲ ਰੋਸ ਪ੍ਰਦਸ਼ਨ ਨੂੰ ਕਾਮਯਾਬ ਕਰਨ ਵਿਚ ਵੱਡੀ ਭੂਮਿਕਾ ਰਹੀ, ਚੇਅਰਮੈਨ ਬਲਵੰਤ ਸੁੰਦਰ, ਸਮੂਹ ਕਮੇਟੀ ਮੈਂਬਰ ਸੋਢੀ ਸਿੰਘ, ਪਰਮਜੀਤ ਮਾਨ, ਮੇਜਰ ਸਿੰਘ, ਮਲਕੀਤ ਸਿੰਘ, ਲਾਲ ਸਿੰਘ, ਮੱਖਣ ਲਾਲ, ਅਮਰਜੀਤ ਜੀਤਾ ਮੋਹਿੰਦਰ ਪਾਲ, ਅਮਰਜੀਤ ਆਦਿ ਹਾਜਰ ਸਨ। ਇਸ ਰੋਸ ਮੁਜਾਹਰੇ ਦੌਰਾਨ ਬੀਬੀਆਂ ਭੈਣਾਂ ਤੇ ਛੋਟੇ-2 ਬੱਚਿਆਂ ਵਲੋਂ ਹੱਥਾਂ ਵਿਚ ਘੰਟਿਆਂ ਬੱਧੀ ਤਖਤੀਆਂ ਫੜ੍ਹ ਕੇ ਵੱਖ ਵੱਖ ਮੁੱਦਿਆਂ ਤੇ ਇਨਸਾਫ ਦੀ ਮੰਗ ਜ਼ੋਰਦਾਰ ਤਰੀਕੇ ਨਾਲ ਕੀਤੀ ਗਈ। ਹਰਿ ਦੇ ਨਿਸ਼ਾਨ ਅਤੇ ਨੀਲੇ ਝੰਡੇ ਅਸਮਾਨ ਵਿਚ ਆਈਫਲ ਟਾਵਰ ਦੇ ਸਾਹਮਣੇ ਝੂਲ ਰਹੇ ਸਨ। ਰੋਸ ਪ੍ਰਦਰਸ਼ਨ ਦੀ ਸ਼ੁਰੂਆਤ ਕੌਮੀ ਨਾਹਰਿਆਂ ਜੈ ਗੁਰਦੇਵ, ਜੈ ਵਾਲਮੀਕ, ਜੈ ਭੀਮ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ ਦੇ ਨਾਲ ਹੋਈ। ਰੋਸ ਪ੍ਰਦਰਸ਼ਨ ਦੀ ਕਾਰਵਾਈ ਸਾਥੀ ਪਰਮਿੰਦਰ ਸਿੰਘ ਨੇ ਬਹੁਤ ਸੁਚੱਜੇ ਤਰੀਕੇ ਨਾਲ ਅਗਾਂਹ ਵਧਾਈ।

## ਲੋਕ ਇਨਸਾਫ਼ ਪਾਰਟੀ ਦੀ ਮੀਟਿੰਗ ਲੁਧਿਆਣਾ ਸਰਕਟ ਹਾਊਸ ਵਿੱਚ ਹੋਵੇਗੀ



**ਲੁਧਿਆਣਾ–** ਲੋਕ ਇਨਸਾਫ਼ ਪਾਰਟੀ ਦੀ ਮੀਟਿੰਗ ਲੁਧਿਆਣਾ ਸਰਕਟ ਹਾਊਸ ਵਿੱਚ ਰੱਖੀ ਗਈ ਜਿੱਥੇ ਵੱਖ ਵੱਖ ਜ਼ਿਲ੍ਹਿਆਂ ਦੀਆਂ ਸੋਸ਼ਲ ਮੀਡੀਆ ਟੀਮਾਂ ਦਾ ਗਠਨ ਕੀਤਾ ਗਿਆ। ਲੁਧਿਆਣਾ ਜ਼ਿਲ੍ਹੇ ਦਾ ਇੰਚਾਰਜ ਨਵਪ੍ਰੀਤ ਸਿੰਘ ਤੂੰਗ ਨੂੰ ਲਗਾਇਆ ਗਿਆ। ਨਵਪ੍ਰੀਤ ਸਿੰਘ ਤੂੰਗ ਨੇ ਪਾਰਟੀ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਬਲਵਿੰਦਰ ਸਿੰਘ ਬੈਂਸ ਤੇ ਉਨ੍ਹਾਂ ਦੀ ਸਮੁੱਚੀ ਟੀਮ ਦਾ ਧੰਨਵਾਦ ਕਰਦਿਆਂ ਕਿਹਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਪਾਰਟੀ ਦਾ ਪ੍ਰਚਾਰ ਵੱਡੇ ਪੱਧਰ ਤੇ ਕੀਤਾ ਜਾਵੇਗਾ ਤੇ ਨਾਲ ਹੀ ਉਨ੍ਹਾਂ ਨੇ ਸਰਪੰਚ ਕਾਲਾ ਜਗਦੀਪ ਸਿੰਘ ਗਿੱਲ ਨੂੰ ਵਧਾਈ ਦਿੰਦਿਆਂ ਕਿਹਾ ਹੈ ਕਿ ਉਨ੍ਹਾਂ ਨੂੰ ਬੈਂਸ ਸਾਹਿਬ ਵੱਲੋਂ ਹਲਕਾ ਸਮਰਾਲਾ ਦਾ ਇੰਚਾਰਜ ਲਗਾਇਆ ਗਿਆ ਹੈ ।ਉਨ੍ਹਾਂ ਨੇ ਵਿਸ਼ੇਸ਼ ਧੰਨਵਾਦ ਪੰਜਾਬ ਸੋਸ਼ਲ ਮੀਡੀਆ ਟੀਮ ਦੇ ਇੰਚਾਰਜ ਪ੍ਰਦੀਪ ਬੰਟੀ ਜੀ ਰਾਜੀਵ ਮੋਰਿਆ ਜੀ ਤੇ ਮਨਪ੍ਰੀਤ ਸਿੰਘ ਗਿੱਲ ਦਾ ਕੀਤਾ ਹੈ। ਉਨ੍ਹਾਂ ਨੇ ਦੱਸਿਆ ਕਿ ਆਉਣ ਵਾਲੇ ਸਮੇਂ ਦੇ ਵਿੱਚ ਪਾਰਟੀ ਨਾਲ ਹੋਰ ਵੀ ਬਹੁਤ ਲੋਕਾਂ ਨੂੰ ਜੋੜਿਆ ਜਾਵੇਗਾ ਤੇ ਨਾਲ ਦੀ ਨਾਲ ਲੁਧਿਆਣੇ ਦੇ ਸਾਰੇ ਹਲਕਿਆਂ ਦੇ ਵਿੱਚ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ ਜੋ ਕਿ ਆਪਣੇ ਆਪਣੇ ਹਲਕੇ ਦੇ ਵਿੱਚ ਪਾਰਟੀ ਦਾ ਪ੍ਰਚਾਰ ਕਰਨਗੇ। ਆਉਣ ਵਾਲੀਆਂ ਜ਼ਿਮਨੀ ਚੋਣਾਂ ਦੇ ਵਿੱਚ ਵੀ ਪਾਰਟੀ ਵੱਡੀ ਤੋਂ ਵੱਡੀ ਜਿੱਤ ਪ੍ਰਾਪਤ ਕਰੇਗੀ।

SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

## ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ-ਜੋਤ ਸਮਾਉਣ ਪੁਰਬ ’ਤੇ ਵਿਸ਼ੇਸ਼

# ‘ਸੱਭ ’ਤੇ ਵੱਡਾ ਸਤਿਗੁਰ ਨਾਨਕ’



ਸਾਡੇ ਸਮਾਜ ’ਚ ਗੁਰੂ ਦਾ ਸਥਾਨ ਮਾਤਾ-ਪਿਤਾ ਦੇ ਸਮਾਨ ਹੀ ਸਮਝਿਆ ਜਾਂਦਾ ਹੈ। ਗੁਰੂ ਦੀ ਮਹਾਨਤਾ ਤੇ ਮਹਿਮਾ ਬਾਰੇ ਵਿਆਖਿਆ ਸਾਨੂੰ ਸਾਡੇ ਪੁਰਾਣਾਂ ਤੇ ਪੁਰਾਤਨ ਗ੍ਰੰਥਾਂ ’ਚੋਂ ਮਿਲਦੀ ਹੈ। ਭਾਰਤ ਦੇ ਸਿੱਖ ਧਰਮ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਧਰਮ ਦੇ ਸਭ ਤੋਂ ਵੱਡੇ ਗੁਰੂ ਮੰਨੇ ਜਾਂਦੇ ਹਨ ਤੇ ਉਨ੍ਹਾਂ ਨੇ ਵੀ ਆਪਣੇ ਸਾਰੇ ਜੀਵਨ ਕਾਲ ’ਚ ਗੁਰੂ ਦੀ ਮਹਿਮਾ ਦੀ ਵਿਆਖਿਆ ਬੜੇ ਉੱਚ ਪੱਧਰ ’ਤੇ ਕੀਤੀ ਤੇ ਪ੍ਰੇਮ ਭਾਵਨਾ ਨੂੰ ਫੈਲਾਉਣ ਲਈ ਆਪਣਾ ਸਾਰਾ ਜੀਵਨ ਲਾ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਸਿੱਖਿਆਵਾਂ ’ਚ ਲੋਕਾਂ ਨੂੰ ਏਕਤਾ ਤੇ ਪ੍ਰੇਮ-ਪਿਆਰ ਨੂੰ ਵਧਾਉਣ ਲਈ ਆਪਣਾ ਸਾਰਾ ਜੀਵਨ ਪੁਰਜ਼ੋਰ ਕੋਸ਼ਿਸ਼ ਕੀਤੀ।

ਗੁਰੂ ਨਾਨਕ ਦੇਵ ਜੀ ਦੇ ਜੀਵਨ ਦੇ ਕਈ ਪਹਿਲੂ ਹਨ। ਉਹ ਅਧਿਆਤਮਵਾਦ ਦੇ ਮਹਾਂ-ਬ੍ਰਹਮਗਿਆਨੀ, ਉੱਚ ਕੋਟੀ ਦੇ ਦਾਰਸ਼ਨਿਕ ਤੇ ਵਿਚਾਰਕ ਸਨ। ਉਨ੍ਹਾਂ ਨੇ ਆਪਣੇ ਜਗਿਆਸੂਆਂ ਨੂੰ ਅਧਿਆਤਮਕ ਉਲਝਣਾਂ ਨੂੰ ਸਮਝਾਉਣ ਲਈ ਤੇ ਉਨ੍ਹਾਂ ਦਾ ਹੱਲ ਕਰਨ ਲਈ, ਬੜੀ ਸਰਲ ਤੇ ਸਪਸ਼ਟ ਭਾਸ਼ਾ, ਪੰਜਾਬੀ ’ਚ ‘ਜਪੁਜੀ’ ਸਾਹਿਬ ਦੀ ਰਚਨਾ ਕੀਤੀ। ਇਹ ਅਧਿਆਤਮਵਾਦ ’ਤੇ ਲਿਖੀ ਗਈ ਸੰਸਾਰ ਪ੍ਰਸਿੱਧ ਆਧੁਨਿਕ ਬਾਣੀ ਹੈ। ਜਿਸ ਨੂੰ ਅਧਿਆਤਮਵਾਦ ਦਾ ਸਿਰਮੌਰ ਵੀ ਕਿਹਾ ਜਾਂਦਾ ਹੈ। ਇਹ ਪੌੜੀ ਛੰਦ ’ਚ ਲਿਖੀ ਗਈ ਹੈ ਤੇ ਜਗਿਆਸੂ ’ਚ ਅਧਿਆਤਮਵਾਦ ਦਾ ਵਿਕਾਸ, ਪੜਾਅ ਵਾਰ ਕਰਦੀ ਹੋਈ, ਪ੍ਰਗਤੀ ਦੇ ਪੰਧ ਤੇ ਚੱਲ ਕੇ, ਜੀਵ ਆਤਮਾ ਨੂੰ ਪ੍ਰਭੂ ਦੇ ਦਰ ਤੱਕ ਪਹੁੰਚਾ ਦਿੰਦੀ ਹੈ। ਇਹ ਸਿੱਖੀ ਜੀਵਨ ਦਾ ਨਿਤਨੇਮ ਬਣ ਗਈ ਹੈ ਤੇ ਇਸ ਦੀਆਂ ਵਡਿਆਈਆਂ ਨੂੰ ਵਿਚਾਰਨ ਦਾ ਸਮਾਂ ਅੰਮ੍ਰਿਤ ਵੇਲਾ ਦੱਸਿਆ ਗਿਆ ਹੈ। ਇਸ ਵਿਚਾਰ ਨੂੰ ਇਸ ਮਹਾਨ ਰਚਨਾ ਦਾ ਕੇਂਦਰੀ ਭਾਵ ਵੀ ਕਿਹਾ ਜਾ ਸਕਦਾ ਹੈ।



ਪ੍ਰੋ: ਐਚ.ਐਲ.ਕਪੂਰ

ਗੁਰੂ ਨਾਨਕ ਦੇਵ ਜੀ ਇਕ ਬਹੁਤ ਵੱਡੇ ਸੰਤ ਕਵੀ ਵੀ ਸਨ। ਉਨ੍ਹਾਂ ਨੇ ਤਿੰਨ ਅਧਿਆਤਮਕ ਵਾਰਾਂ ਵੀ ਲਿਖੀਆਂ ਜਿਹਨਾਂ ਦੇ ਨਾਮ ਹਨ: ਆਸਾ ਦੀ ਵਾਰ, ਮਾਝ ਦੀ ਵਾਰ ਤੇ ਮਲਾਰ ਦੀ ਵਾਰ। ਆਸਾ ਦੀ ਵਾਰ ਲੋਕਾਂ ਵਿਚ ਫੈਲੇ ਭਰਮਾਂ-ਵਹਿਮਾਂ, ਫੋਕੇ ਕਰਮ ਕਾਂਡਾਂ ਤੇ ਝੂਠੇ ਅਡੰਬਰਾਂ ’ਚੋਂ ਨਿਕਲ ਕੇ, ਮਾਨਵ ਨੂੰ ਸਾਦਾ ਤੇ ਸੱਚਾ-ਸੁੱਚਾ ਜੀਵਨ ਜਿਊਣ ਵੱਲ ਸੇਧਿਤ ਕਰਦੀ ਹੈ। ਇਸ ਤੋਂ ਇਲਾਵਾ ਉਨ੍ਹਾਂ ਦੀਆਂ ਹੋਰ ਰਚਨਾਵਾਂ ਵੀ ਹਨ ਜਿਵੇਂ: ਸਿੱਧ ਗੋਸ਼ਟਿ, ਸੋਹਲੇ, ਦੱਖਣੀ ਓਂਕਾਰ, ਪੱਟੀ, ਬਾਰਾਂ ਮਾਹ ਤੇ 974 ਸ਼ਬਦ ਹਨ। ਇਹ ਸਭ ਬਾਣੀਆਂ ’ਗੁਰੂ ਗ੍ਰੰਥ ਸਾਹਿਬ’ ’ਚ ਦਰਜ ਹਨ। ਗੁਰੂ ਨਾਨਕ ਦੇਵ ਜੀ ਦੀ ਬਾਣੀ ਗੁਣਨ-ਾਤਮਕ ਪੱਖੋਂ ਗੁਰੂ ਗ੍ਰੰਥ ਸਾਹਿਬ ’ਚ ਦਰਜ ਸਭ ਬਾਣੀਆਂ ਨਾਲੋਂ ਸਰਵ ਉੱਤਮ ਦਰਜੇ ਦੀ ਹੈ।

ਗੁਰੂ ਨਾਨਕ ਦੇਵ ਜੀ ਵੇਦਾਂਤੀ ਸਨ। ਉਹ ਬਹੁ ਮੂਰਤੀ ਪੂਜਾ ਦੇ ਵਿਰੁੱਧ ਸਨ। ਬੁੱਤ ਪੂਜਾ ਸਬੰਧੀ ਉਨ੍ਹਾਂ ਦੀ ਸੋਚ ਨਿਰਾਰਥਕ ਸੀ। ਰੂੜ੍ਹੀਵਾਦੀ ਕੁਸੰਸਕਾਰਾਂ ਦਾ ਵੀ ਉਨ੍ਹਾਂ ਨੇ ਰੱਜ ਕੇ ਵਿਰੋਧ ਕੀਤਾ। ਉਨ੍ਹਾਂ ਦਾ ਉਪਦੇਸ਼ ਸੀ, ਈਸ਼ਵਰ ਦੀ ਪ੍ਰਾਪਤੀ ਬਾਹਰੀ ਸਾਧਨਾਂ ਨਾਲ ਨਹੀਂ ਹੋ ਸਕਦੀ ਸਗੋਂ ਸਰੀਰ ਦੇ ਅੰਦਰੂਨੀ ਸਾਧਨਾਂ ਦੇ ਚਿੰਤਨ ਨਾਲ ਹੋ ਸਕਦੀ ਹੈ। ਉਨ੍ਹਾਂ ਦੀ ਬਾਣੀ ’ਚ ਵੈਰਾਗ ਰਸ ਤਾਂ ਹੈ ਹੀ ਪਰ ਇਸ ਦੇ ਨਾਲ ਉਨ੍ਹਾਂ ਨੇ ਤਤਕਾਲੀਨ ਰਾਜਨੀਤਿਕ, ਸਮਾਜਿਕ ਤੇ ਧਾਰਮਿਕ ਪ੍ਰਸਥਿਤੀਆਂ ਦਾ ਵਰਣਨ ਵੀ ਕੀਤਾ ਹੈ। ਸੰਤ ਸਾਹਿਤ ’ਚ ਉਹ ਉਹਨਾਂ ਸੰਤਾਂ ਦੀ ਸ਼੍ਰੇਣੀ ’ਚ ਆਉਂਦੇ ਹਨ, ਜਿਹਨਾਂ ਨ ਔਰਤ ਦੀ ਮਹਾਨਤਾ ਤੇ ਉਸ ਦਾ ਸਤਿਕਾਰ ਕਰਨ ਦਾ ਸਮਾਜ ਨੂੰ ਸੰਦੇਸ਼ ਦਿੱਤਾ। ਉਨ੍ਹਾਂ ਦੇ ਉਪਾਸ਼ਕ ਉਹਨਾਂ ਨੂੰ ਪਿਆਰ ਤੇ ਸਤਿਕਾਰ ਨਾਲ ਗੁਰੂ ਨਾਨਕ, ਗੁਰੂ ਨਾਨਕ ਦੇਵ ਜੀ, ਬਾਬਾ ਨਾਨਕ ਤੇ ਨਾਨਕ ਸ਼ਾਹ ਦੇ ਨਾਵਾਂ ਨਾਲ ਯਾਦ ਕਰਦੇ ਹਨ। ਉਹ ਇਕ ਮਹਾਨ ਵਿਅੱਕਤਿਤੱਵ ਦੇ ਮਾਲਕ, ਦਾਰਸ਼ਨਿਕ, ਇਕ ਮਹਾਨ ਤਪੱਸਵੀ, ਯੋਗੀ, ਗ੍ਰਿਸਤੀ, ਸਮਾਜ ਸੁਧਾਰਕ, ਧਰਮ ਸੁਧਾਰਕ, ਇਕ ਉੱਚ ਕੋਟੀ ਦੇ ਕਵੀ, ਇਕ ਬਹੁਤ ਵੱਡੇ ਦੇਸ਼ ਭਗਤ ਤੇ ਵਿਸ਼ਵਵੰਧੂ- ਇਹਨਾਂ ਸਭ ਗੁਣਾਂ ਦੇ ਮਾਲਕ ਸਨ।

ਗੁਰੂ ਨਾਨਕ ਦੇਵ ਜੀ ਦਾ ਜਨਮ 15 ਅਪ੍ਰੈਲ 1469 ਈਸਵੀ ਨੂੰ ਰਾਏ ਭੋਏ ਦੀ ਤਲਵੰਡੀ, ਜਿਸ ਨੂੰ ਅੱਜਕਲ੍ਹ ਨਨਕਾਣਾ ਸਾਹਿਬ (ਹੁਣ ਪਾਕਿਸਤਾਨ) ਕਹਿੰਦੇ ਹਨ, ਵਿਖੇ ਹੋਇਆ ਤੇ ਉਹਨਾਂ ਨੇ ਆਪਣਾ ਆਖਰੀ ਜੀਵਨ ਆਪਣੇ ਪਰਿਵਾਰ ’ਚ ਕਰਤਾਰਪੁਰ (ਹੁਣ ਪਾਕਿਸਤਾਨ ’ਚ) ਵਿਖੇ ਬਤੀਤ ਕੀਤਾ ਤੇ ਉਹ ਇੱਥੇ ਹੀ 22 ਸਤੰਬਰ, 1539 ਈਸਵੀ ਨੂੰ ਜੋਤੀ-ਜੋਤ ਸਮਾ ਗਏ। ਉਹ ਬਚਪਨ ਤੋਂ ਹੀ ਬਹੁਤ ਹੋਣਹਾਰ ਬਾਲਕ ਸਨ। ਸਕੂਲ ਪੜ੍ਹਦੇ ਸਮੇਂ ਹੀ ਉਨ੍ਹਾਂ ਦੇ ਪਿਤਾ ਸ੍ਰੀ ਮਹਿਤਾ ਕਾਲੂ ਜੀ ਨੂੰ ਅਧਿਆਪਕ ਨੇ ਕਿਹਾ ਕਿ ਇਸ ਬਾਲਕ ’ਚ ਕੋਈ ਅਲਾਹੀ ਨੂਰ ਹੈ। ਇਹ ਵੱਡਾ ਹੋ ਕੇ ਸਾਰੇ ਸੰਸਾਰ ਨੂੰ ਗਿਆਨ ਦੇਵੇਗਾ। ਪੰਜਾਬੀ ਦੇ ਇਕ ਅਖਾਣ ‘ਹੋਣਹਾਰ ਵਿਰਵਾ ਕੇ ਚਿੱਕਨੇ-ਚਿੱਕਨੇ ਪਾਤ’ ਦੇ ਅਰਥਾਂ ਅਨੁਸਾਰ ਅਧਿਆਪਕ ਦੀ ਇਹ ਭਵਿੱਖਬਾਣੀ ਸਹੀ ਸਾਬਤੀ ਹੋਈ। ਥੋੜ੍ਹਾ ਵੱਡਾ ਹੋਣ ’ਤੇ ਉਹਨਾਂ ਦੇ ਪਿਤਾ ਜੀ ਨੇ ਚਾਹਿਆ ਕਿ ਬਾਲਕ ਨਾਨਕ ਨੂੰ ਕਿਸੇ ਵਿਉਪਾਰ ’ਚ ਲਗਾ ਦਿੱਤਾ ਜਾਵੇ, ਪਰ ਇੱਥੇ ਵੀ ਉਹਨਾਂ ਦਾ ਮਨ ਨਾ ਟਿਕਿਆ। ਫਿਰ ਹੋਰ ਵੱਡਾ ਹੋਣ ਤੇ 16 ਸਾਲ ਦੀ ਉਮਰ ’ਚ ਉਹਨਾਂ ਦੇ ਪਿਤਾ ਜੀ ਨੇ ਉਹਨਾਂ ਦਾ ਵਿਆਹ ਕਰ ਦਿੱਤਾ। ਉਨ੍ਹਾਂ ਦੇ ਦੋ ਪੁੱਤਰ ਵੀ ਹੋਏ ਪਰ ਪਰਿਵਾਰਕ ਮੋਹ ਵੀ ਉਨ੍ਹਾਂ ਨੂੰ ਗ੍ਰਿਸਤੀ ਦੇ ਬੰਧਨਾਂ ’ਚ ਬੰਨ੍ਹ ਨਾ ਸਕਿਆ। ਜਿਸ ਮਕਸਦ ਲਈ ਉਨ੍ਹਾਂ ਨੇ ਅਵਤਾਰ ਧਾਰਿਆ ਸੀ, ਫਿਰ ਉਹ ਇਸ ਦੀ ਪੂਰਤੀ ਲਈ ਘਰੋਂ ਨਿਕਲ ਤੁਰੇ।

ਗੁਰੂ ਨਾਨਕ ਦੇਵ ਜੀ ਨੇ ਲੱਗਭੱਗ 30 ਸਾਲਾਂ ’ਚ ਆਪਣੀਆਂ ਉਦਾਸੀਆਂ ਭਾਵ ਚਾਰ ਯਾਤਰਾਵਾਂ ਪੂਰੀਆਂ ਕੀਤੀਆਂ। ਉਹ ਸਮੁੱਚੇ ਭਾਰਤਵਰਸ਼ ਤੇ ਏਸ਼ੀਆ ਦੇ ਕਈ ਦੇਸ਼ਾਂ ’ਚ ਆਪਣੇ ਉਦੇਸ਼ ਦੀ ਪੂਰਤੀ ਲਈ ਗਏ ਤੇ ਉਹਨਾਂ ਦੇ ਨਾਲ, ਉਹਨਾਂ ਦੇ ਸਾਥੀ ਭਾਈ ਬਾਲਾ ਤੇ ਭਾਈ ਮਰਦਾਨਾ ਵੀ ਨਾਲ ਸਨ। ਮਰਦਾਨਾ ਮੁਸਲਮਾਨ ਵਰਗ ਨਾਲ ਸਬੰਧ ਰੱਖਦਾ ਸੀ। ਗੁਰੂ ਨਾਨਕ ਦੇਵ ਜੀ ਨੇ ਸੰਸਾਰ ਨੂੰ ਸੰਦੇਸ਼ ਦਿੱਤਾ ਕਿ ਜਾਤ-ਪਾਤ ਤੇ ਸੰਪਰਦਾਏ, ਤੋਂ ਉਪਰ ਮਹੱਤਵਪੂਰਨ ਹੁੰਦਾ ਹੈ ‘ਮਾਨਵ ਦਾ ਮਾਨਵ ਨਾਲ ਪਿਆਰ’ ਜਿਸ ਨੂੰ ਆਧੁਨਿਕ ਭਾਸ਼ਾ ’ਚ ‘ਮਾਨਵਵਾਦ’ ਕਿਹਾ ਜਾਂਦਾ ਹੈ, ਕਿਉਂਕਿ ਸਾਡਾ ਸਾਰਿਆਂ ਦਾ ਇਕੋ ਪਿਤਾ ਪ੍ਰਮਾਤਮਾ ਹੀ ਹੈ ਤੇ ਅਸੀਂ ਸਾਰੇ ਉਸ ਪ੍ਰਮਾਤਮਾ ਦੀ ਪੈਦਾ ਕੀਤੀ ਹੋਈ ਔਲਾਦ ਹਾਂ ਭਾਵ ‘ਏਕ ਪਿਤਾ ਏਕਸ ਕੇ ਹਮ ਬਾਰਿਕ’। ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਨੂੰ ਸਾਰਾ ਜੀਵਨ ਆਪਣੇ ਨਾਲ ਰੱਖ ਕੇ, ਉਨ੍ਹਾਂ ਨੇ ਸਾਰੇ ਸੰਸਾਰ ਨੂੰ ’ਸਮਾਜਿਕ ਬਰਾਬਰੀ’ਦਾ ਸੰਦੇਸ਼ ਦਿੱਤਾ। ਇਸ ਉਦਾਹਰਣ ਨੂੰ ਉਨ੍ਹਾਂ ਦੀ ਮਾਨਵਵਾਦੀ ਸੋਚ ਦਾ ਸਿਰਮੌਰ ਕਿਹਾ ਜਾ ਸਕਦਾ ਹੈ। ਇਸ ਦੀ ਸਾਡੇ ਅਜੋਕੇ ਸਮਾਜ ਨੂੰ ਬਹੁਤ ਜ਼ਰੂਰਤ ਹੈ। ਸਿੱਖ ਧਰਮ ਤੇ ਕਾਬਜ਼ ਜਥੇਬੰਦੀ ਦਾ ਇਹ ਪਰਮ ਧਰਮ ਬਣਦਾ ਹੈ ਕਿ ਉਹ ਦਲਿਤ ਭਾਈਚਾਰੇ ਨੂੰ ਅਮਲੀ ਰੂਪ ’ਚ ਸਮ-ਾਜਿਕ ਬਰਾਬਰੀ ਦਾ ਦਰਜਾ ਦੇਣ ਲਈ, ਆਪਣੇ ਸੱਚੇ ਦਿਲੋਂ ਉਪਰਾਲੇ ਕਰਨ ਨਾ ਕਿ ਉਨ੍ਹਾਂ ਨੂੰ ਹਾਸ਼ੀਏ ’ਤੇ ਧੱਕਣ, ਤਾਂ ਹੀ ਗੁਰੂ ਸਾਹਿਬ ਜੀ ਦੀ ਸਿਰਜੀ ਹੋਈ ਇਹ ਕਦਰ-ਕੀਮਤ, ਆਪਣੀ ਚਰਮ ਸੀਮਾ ’ਤੇ ਪਹੁੰਚ ਸਕੇਗੀ। ਇਸ ਤਰ੍ਹਾਂ ਕਰਨ ਨਾਲ ਗੁਰੂ ਸਾਹਿਬ ਵੱਲੋਂ ਸਿਰਜਿਆ ਗਿਆ ਆਪਣਾ ਨਵਾਂ ਸਮਾਜ ਵੱਧ-ਫੁੱਲ ਕੇ ਸੰਸਾਰ ਦੀ ਸਾਰੀ ਪ੍ਰਕਿਰਤੀ ਨੂੰ ਆਪਣੇ ਕਲਾਵੇ ’ਚ ਲੈ ਸਕਣ ਦੇ ਸਮਰੱਥ ਹੋ ਜਾਵੇਗਾ।

ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਚਾਰੋ ਯਾਤਰਾਵਾਂ ਦੇ ਦੌਰਾਨ ਪਾਖੰਡੀ ਸਾਧਾਂ-ਫਕੀਰਾਂ, ਅਡੰਬਰ ਕਰਨ ਵਾਲਿਆਂ ਤੇ ਭਰਮਾਂ ਵਹਿਮਾਂ ’ਚ ਵਿਸ਼ਵਾਸ ਰੱਖਣ ਵਾਲਿਆਂ ਕਰੋੜਾਂ ਇਨਸਾਨਾਂ ਨੂੰ ਆਪਣੀ ਵਿਗਿਆਨਕ, ਤਰਕਸ਼ੀਲ ਤੇ ਆਪਣੇ ਅਧਿਆਤਮਕ ਗਿਆਨ ਨਾਲ, ਗਿਆਨਵਾਨ ਕਰਕੇ ਤੇ ਉਨ੍ਹਾਂ ਦਾ ਮਾਰਗ ਦਰਸ਼ਨ ਕਰਕੇ, ਆਤਮਾ ਤੇ ਪ੍ਰਮਾਤਮਾ ਨਾਲ ਜੋੜਿਆ ਤਾਂ ਕਿ ਸਮਾਜ ’ਚ ਪ੍ਰੇਮ ਪਿਆਰ ਦੀ ਭਾਵਨਾ ਪੈਦਾ ਹੋ ਸਕੇ ਤੇ ਇਹ ਸਭ ਵਰਗਾਂ ਦਾ ਸਾਂਝਾ ਭਾਈਚਾਰਾ ਬਣ ਕੇ, ਨਵੇਂ ਸਮਾਜ ਦੀ ਸਿਰਜਣਾ ਹੋ ਸਕੇ। ਗੁਰੂ ਨਾਨਕ ਦੇਵ ਜੀ ਨੇ ਆਪਣੇ ਇਸ ਸੰਕਲਪ ’ਚ ਸਫਲਤਾ ਵੀ ਪ੍ਰਾਪਤ ਕੀਤੀ। ਇਸੇ ਲਈ ਹੀ ਤਾਂ ਉਨ੍ਹਾਂ ਨੂੰ ਸਭ ਧਰਮਾਂ ਦੇ ਲੋਕ ਪਿਆਰ ਕਰਦੇ ਸਨ ਤੇ ਉਨ੍ਹਾਂ ਨੂੰ ਸਭ ਧਰਮਾਂ ਦਾ ‘ਸਾਂਝਾ ਗੁਰੂ’ ਸਵੀਕਾਰਦੇ ਸਨ। ਇਹੀ ਕਾਰਨ ਹੈ ਕਿ ਉਨ੍ਹਾਂ ਦੀ ਵਿਚਾਰਧਾਰਾ ਨੇ ਇਕ ਨਵੇਂ ਸਮਾਜ ’ਸਿੱਖ ਸਮਾਜ’ ਨੂੰ ਜਨਮ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਯਾਤਰਾਵਾਂ ਦੌਰਾਨ ਲੋਕਾਂ ਨੂੰ ਗਿਆਨਵਾਨ ਕਰਨ ਲਈ ਤੇ ਆਤਮਾ ਤੇ ਪ੍ਰਮਾਤਮਾ ਨਾਲ ਜੋੜਨ ਲਈ ਜੋ ਉਪਦੇਸ਼ ਦਿੱਤਾ, ਉਹ ਨਿਮਨਲਿਖਤ ਅਨੁਸਾਰ ਹਨ:-

ਗੁਰੂ ਨਾਨਕ ਦੇਵ ਜੀ ਨੇ ਬਾਣੀ ਦੁਆਰਾ ਲੋਕਾਂ ਨੂੰ ਸੰਦੇਸ਼ ਦਿੱਤਾ ਕਿ ਸਾਰੀਆਂ ਸਚਾਈਆਂ ਤੋਂ ਉਪਰ ਮਨੁੱਖ ਦਾ ਚਰਿੱਤਰ ਤੇ ਵਿਵਹਾਰ ਹੈ:- ਉਹ ਕਹਿੰਦੇ ਹਨ ਕਿ, ’’ਸੱਚੋਂ ਓਹਰੇ ਸਭ ਕੋ ਓਪਰ ਸੱਚ ਆਚਾਰ।’ ਹੇ, ਮਾਨਵ! ਤੂੰ ਆਪਣੇ ਚੰਗੇ ਚਰਿੱਤਰ ਤੇ ਵਿਵਹਾਰ ਦਾ ਨਿਰਮਾਣ ਕਰ।

ਵਾਹਿਗੁਰੂ ਦੀ ਰਜ਼ਾ ’ਚ ਰਹੋ:- ਗੁਰੂ ਨਾਨਕ ਦੇਵ ਜੀ ਨੇ ਮਾਨਵਤਾ ਨੂੰ ਇਹ ਸੰਦੇਸ਼ ਦਿੱਤਾ ਕਿ ‘ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲ।’ ਸੰਸਾਰ ’ਚ ਜੋ ਕੁਝ ਵੀ ਹੋ ਰਿਹਾ ਹੈ, ਉਹ ਸਭ ਪ੍ਰਮਾਤਮਾ ਦੀ ਕਿਰਪਾ ਨਾਲ ਤੇ ਉਸ ਦੀ ਰਜ਼ਾ ’ਚ ਹੋ ਰਿਹਾ ਹੈ। ਇਸ ਲਈ ਚੰਗਾ ਕੀ ਹੈ ਤੇ ਮਾੜਾ ਕੀ ਹੈ? ਇਹ ਪ੍ਰਮਾਤਮਾ ਨੂੰ ਹੀ ਪਤਾ ਹੈ। ਚੰਗੇ ਜਾਂ ਮਾੜੇ ਨੂੰ ਸਾਨੂੰ ਖਿੜੇ ਮੱਥੇ ਸਵੀਕਾਰ ਕਰਨਾ ਚਾਹੀਦਾ ਹੈ। ਦੁੱਖ ਜਾਂ ਸੁੱਖ ਆਉਣ ਤੇ ਸਾਨੂੰ ਕੋਈ ਪ੍ਰਸ਼ਨ ਨਹੀਂ ਕਰਨਾ ਚਾਹੀਦਾ।

ਇਸ ਲਈ ਮਨੁੱਖ ਨੂੰ ਆਪਣਾ ਕੰਮ ਚਿੰਤਾ ਮੁਕਤ ਹੋ ਕੇ ਕਰਨਾ ਚਾਹੀਦਾ ਹੈ।

ਪ੍ਰਮਾਤਮਾ ਇਕ ਹੈ- ਪ੍ਰਮਾਤਮਾ ਸਭ ਜਗ੍ਹਾ ਤੇ ਸਭ ਪ੍ਰਾਣੀਆਂ ’ਚ ਮੌਜੂਦ ਹੈ। ’ਨਾ ਕੋ ਹਿੰਦੂ ਨਾ ਮੁਸਲਮਾਨ’ ਗੁਰੂ ਜੀ ਕਹਿੰਦੇ ਹਨ ਕਿ ਮੈਂ ਤਾਂ ਉਸ ਪ੍ਰਮਾਤਮਾ ਦਾ ਪੈਰੋਕਾਰ ਹਾਂ ਤੇ ਮੇਰਾ ਉਸ ਇਕੋ ਪ੍ਰਮਾਤਮਾ ’ਚ ਹੀ ਵਿਸ਼ਵਾਸ ਹੈ। ਪ੍ਰਮਾਤਮਾ ਸਰਵ ਵਿਆਪਕ ਹੈ। ਉਸ ਦੀ ਕੋਈ ਮੂਰਤ ਜਾਂ ਆਕਾਰ ਨਹੀਂ ਹੈ। ਉਹ ਸਦੀਵੀ ਹੈ ਤੇ ਨਜ਼ਰ ਵੀ ਨਹੀਂ ਆਉਂਦਾ। ਇਸ ਸੰਸਾਰ ਦੀ ਰਚਨਾ ਤੋਂ ਪਹਿਲਾਂ ਸਿਰਫ਼ ਪ੍ਰਮਾਤਮਾ ਹੀ ਸੀ। ਉਸ ਦੀ ਕਿਰਪਾ ਨਾਲ ਹੀ ਇਸ ਸੰਸ-ਾਰਕ ਜਾਲ ਦੀ ਰਚਨਾ ਹੋਈ ਭਾਵ ਪ੍ਰਾਣੀ ਦੀ ਉਤਪੱਤੀ ਹੋਈ। ਸਿੱਖ ਸਿਧਾਂਤਾਂ ਅਨੁਸਾਰ ਪ੍ਰਮਾਤਮਾ ਕਿਸੇ ਲਿੰਗ ਜਾਂ ਪੁਲਿੰਗ ਜਾਂ ਨਿਪੁੰਸਕ ਲਿੰਗ ਦੀ ਸ਼ਕਲ ਸੂਰਤ ’ਚ ਨਹੀਂ ਹੈ। ਇਸ ਨੂੰ ਸਿਰਫ਼ ਰੁਹਾਨੀਅਤ ਦੀਆਂ ਨਜ਼ਰਾਂ ਨਾਲ ਹੀ ਪਛਾਣਿਆ ਜਾ ਸਕਦਾ ਹੈ। ਉਹ ਸਭ ’ਤੇ ਬਖਸ਼ਿਸ਼ਾਂ ਕਰਦਾ ਹੈ ਤੇ ਸਾਨੂੰ ਉਸ ਨੂੰ ਕਦੇ ਭੁੱਲਣਾ ਨਹੀਂ ਚਾਹੀਦਾ। ਪ੍ਰਮਾਤਮਾ ਦਾ ਪਸਾਰਾ ਬਹੁਤ ਹੈ ਤੇ ਇਕ ਜੀਵ ਆਤਮਾ ਆਪਣੀ ਸਾਰੀ ਅਰਜ਼ੂ ’ਚ ਉਸ ਦੇ ਪਸਾਰੇ ਦੀ ਜਾਣਕਾਰੀ ਹਾਸਲ ਨਹੀਂ ਕਰ ਸਕਦਾ।

ਸਰਬੱਤ ਦਾ ਭਲਾ ਕਰੋ:- ਗੁਰੂ ਸਾਹਿਬ ਦੀ ਵਿਚਾਰਧਾਰਾ ਹੈ। ਉਹ ਸਰਬੱਤ ਦਾ ਭਲਾ ਮੰਗਦੇ ਹਨ। ਉਹ ਇਹ ਵੀ ਕਹਿੰਦੇ ਹਨ ਕਿ ਧਰਮ ਕੇਵਲ ਸ਼ਬਦਾਂ ਦੀ ਦ੍ਰਿੜ੍ਹਤਾ ਹੀ ਨਹੀਂ ਹੈ ਸਗੋਂ ਸਾਰੀ ਮਾਨਵਤਾ ਦੇ ਪੁਰਸ਼ ਅਤੇ ਇਸਤਰੀਆਂ ਉਸ ਦੀ ਨਜ਼ਰ ’ਚ ਬਰਾਬਰ ਹਨ। “ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ।’’ ਇਹ ਗੁਰਬਾਣੀ ਦੀਆਂ ਸੱਤਰਾਂ ਸਿੱਖ ਜਗਤ ਦੀ ਰੋਜ਼ਾਨਾ ਜੀਵਨ ਦੀ ਅਰਦਾਸ ਦਾ ਸਰਵਉਤਮ ਵਾਕ ਹੈ। ਇਸ ਲਈ ਗੁਰੂ ਜੀ ਆਖਦੇ ਹਨ ਕਿ ਹੇ, ਮਾਨਵ! ਤੂੰ ਰੱਬ ਦਾ ਨਾਮ ਜਪੁ ਤੇਰੀ ਹਮੇਸ਼ਾ ਚੜ੍ਹਦੀ ਕਲਾ ਰਹੇਗੀ ਤੇ ਤੂੰ ਸਰਬੱਤ ਦਾ ਭਲਾ ਕਰਨ ਦੇ ਸਮਰੱਥ ਹੋ ਜਾਏਗਾ। ਤੇਰੀਆਂ ਸਾਰੀਆਂ ਖੁਸ਼ੀਆਂ ਤੇਰੇ ਕੋਲ ਆ ਜਾਣਗੀਆਂ ਤੇ ਤੇਰੀ ਸੋਚ ਵੀ ਹਾਂ ਵਾਚੀ ਹੋ ਜਾਏਗੀ। ਸਰਬੱਤ ਦੇ ਭਲੇ ਦੀ ਸੋਚ, ਗੁਰੂ ਨਾਨਕ ਦੇਵ ਜੀ ਦੀ ਅੰਤਰ ਰਾਸ਼ਟਰਵਾਦੀ ਸੋਚ ਹੈ ਤੇ ਸਾਰੀ ਦੁਨੀਆਂ ਦੀ ਮਾਨਵਤਾ ਨੂੰ ਆਪਣੇ ਕਲਾਵੇ ’ਚ ਸਮੇਟਦੀ ਹੈ। ਉਹ ਇਸ ਭਲੇ ’ਚ ਆਪਣੀ ਨਿਜਤਾ ਦੀ ਗੱਲ ਨਹੀਂ ਕਰਦੇ।

ਸਦਾ ਸੱਚ ਬੋਲੋ- ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਨੂੰ ਸਦਾ ਸੱਚ ਬੋਲਣ ਦਾ ਸੰਦੇਸ਼ ਦਿੱਤਾ। ਬਾਬਰ ਬਾਣੀ ’ਚ ਉਹ ਬਾਬਰ ਦੇ ਮਾਨਵਤਾ ’ਤੇ ਕੀਤੇ ਜ਼ੁਲਮਾਂ ਦਾ ਵਿਰੋਧ ਕਰਦੇ ਹਨ ਤੇ ਕਹਿੰਦੇ ਹਨ ਕਿ ਹੇ, ਬਾਬਰ! ਮੈਂ ਤੈਨੂੰ ਸੱਚ-ਸੱਚ ਸੁਣਾ ਰਿਹਾ ਹਾਂ ਤੇ ਹੁਣ ਸੱਚ ਬੋਲਣ ਦਾ ਹੀ ਵੇਲਾ ਹੈ ਕਿ, “ਤੂੰ ਬਾਬਰ ਨਹੀਂ ਹੈ, ਤੂੰ ਜ਼ਾਬਰ ਹੈ।’’ ਉਹ ਇਹ ਵੀ ਕਹਿੰਦੇ ਹਨ ਕਿ ਸਾਨੂੰ ਬਿਨਾਂ ਕਿਸੇ ਡਰ ਭੈਅ ਤੋਂ, ਹਮੇਸ਼ਾ ਸੱਚ ਬੋਲਣਾ ਚਾਹੀਦਾ ਹੈ। ਸਚਾਈ ਦੀ ਹਮੇਸ਼ਾ ਜਿੱਤ ਹੁੰਦੀ ਹੈ। ਇਸ ਨੂੰ ਕਦੀ ਵੀ ਜ਼ੋਰ ਨਾਲ, ਝੂਠ ਬੋਲ ਕੇ ਦਬਾਇਆ ਨਹੀਂ ਜਾ ਸਕਦਾ ਤੇ ਸਾਨੂੰ ਹਮੇਸ਼ਾ ਸਚਾਈ ਦੇ ਨਾਲ ਖੜ੍ਹਨਾ ਚਾਹੀਦਾ ਹੈ। ਇਸ ਲਈ ਹੀ ਬਾਬਰ ਨੂੰ ਉਹ ਸੰਬੋਧਨ ਕਰਦੇ ਕਹਿੰਦੇ ਹਨ:

“ਸੱਚ ਕੀ ਬਾਣੀ ਨਾਨਕ ਆਖੈ,
ਸੱਚ ਸੁਣਾਈਸੀ ਸੱਚ ਕੀ ਵੇਲਾ।।’’

ਸੇਵਾ ਤੇ ਨਾਮ ਸਿਮਰਨ- ਗੁਰੂ ਸਾਹਿਬ ਕਹਿੰਦੇ ਹਨ ਕਿ ਕੋਈ ਕਿਸੇ ਨੂੰ ਬਚਾਅ ਨਹੀਂ ਸਕਦਾ। ਸਿਰਫ਼ ਗੁਰੂ ਦੀ ਸਿੱਖਿਆ ਹੀ, ਸਾਡਾ ਬਚਾਅ ਕਰ ਸਕਦੀ ਹੈ। ਇਸ ਲਈ ਸਹੀ ਰਸਤਾ ਸੇਵਾ ਅਤੇ ਸਿਮਰਨ ਦਾ ਹੀ ਹੈ। ਗੁਰੂ ਸਾਹਿਬ ਇਹ ਸੰਦੇਸ਼ ਵੀ ਦਿੰਦੇ ਹਨ ਕਿ ਗੁਰੂ ਦਾ ਵਾਸਾ ਵੱਡੇ-ਵੱਡੇ ਮਹਿਲਾਂ ਤੇ ਮਾੜੀਆਂ ’ਚ ਨਹੀਂ ਹੈ। ਉਹ ਹਮੇਸ਼ਾ ਗਰੀਬਾਂ, ਮਿਹਨਤਕਸ਼ਾਂ ਤੇ ਕਮਜ਼ੋਰਾਂ ਦੇ ਨਾਲ ਰਹਿੰਦਾ ਹੈ। ਇਸ ਲਈ ਗਰੀਬਾਂ ਨੂੰ ਹਮੇਸ਼ਾ ਪਿਆਰ ਕਰੋ ਤੇ ਇਸ ਪਿਆਰ ਦੇ ਬਦਲੇ ’ਚ ਪ੍ਰਮਾਤਮਾ ਤੁਹਾਡੇ ’ਤੇ ਹਮੇਸ਼ਾ ਹੱਥ ਰੱਖੇਗਾ। ਜੇਕਰ ਤੁਸੀਂ ਗੁਰਬਾਣੀ ਦੀਆਂ ਸਿੱਖਿਆਵਾਂ ਤੇ ਅਮਲ ਕਰਕੇ ਚੱਲੋਗੇ ਤਾਂ ਤੁਸੀਂ ਮਹਿਸੂਸ ਕਰੋਗੇ ਕਿ ਗੁਰੂ ਸਾਨੂੰ ਸੰਬੋਧਨ ਕਰ ਰਿਹਾ ਹੈ। ਅਸੀਂ ਆਪਣੇ ਜੀਵਨ ’ਚ ਚੰਗੇ ਅਮਲਾਂ ’ਤੇ ਚਲਦੇ ਹੋਏ, ਕਈ ਵਾਰ ਮਹਿਸੂਸ ਕਰਾਂਗੇ ਕਿ ਗੁਰੂ ਸਾਡੇ ਨਾਲ ਹੈ। ਇਸ ਲਈ ਅਸੀਂ ਜ਼ਿੰਦਗੀ ਦੇ ਕਾਰ ਵਿਹਾਰ ਕਰਦਿਆਂ, ਹਮੇਸ਼ਾ ਗੁਰਬਾਣੀ ਨਾਲ ਜੁੜੇ ਰਹੀਏ ਤੇ ਗੁਰਮਤਿ ਦੇ ਸਿਧਾਂਤਾਂ ਅਨੁਸਾਰ, ਆਪਣਾ ਜੀਵਨ ਬਸਰ ਕਰੀਏ। ਪ੍ਰੰਤੂ ਜਦੋਂ ਅਸੀਂ ਮਾਇਆ ਦੇ ਭਰਮ ਜਾਲ ’ਚ ਫਸ ਕੇ ਸੰਸਾਰਕ ਮਾਇਆ ਜਾਲ ਨੂੰ ਹੀ ਸਭ ਕੁਝ ਸਮਝ ਲੈਂਦੇ ਹਾਂ ਤੇ ਉਸ ’ਚੋਂ ਖੁਸ਼ੀਆਂ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਅਸੀਂ ਆਪਣੀ ਜ਼ਿੰਦਗੀ ਦਾ ਅਸਲੀ ਮਨੋਰਥ ਤੇ ਰਸਤਾ ਭੁੱਲ ਹੀ ਜਾਂਦੇ ਹਾਂ। ਅਸਲ ’ਚ ਧਰਮ ਹੀ ਇਕ ਅਜਿਹੀ ਅਨਮੋਲ ਚੀਜ਼ ਹੈ, ਜਿਹੜਾ ਸਾਨੂੰ ਸੇਵਾ ਅਤੇ ਸਿਮਰਨ ਦੀ ਸਿੱਖਿਆ ਦੇ ਕੇ, ਵਿਚਾਰਧਾਰਕ ਤੌਰ ’ਤੇ ਧਨਵਾਨ ਕਰਦਾ ਹੈ। ਸੇਵਾ ਕਰਨ ਵਾਲਾ ਇਨਸਾਨ ਹੀ ਸਮਾਜ ’ਚ ਸਤਿਕਾਰਿਆ ਜਾਂਦਾ ਹੈ ਤੇ ਗੁਰਬਾਣੀ ਅਨੁਸਾਰ ਸੇਵਾ ਤੇ ਸਿਮਰਨ ਕਰਨ ਵਾਲੇ ਇਨਸਾਨ ਨੂੰ ਪ੍ਰਮਾਤਮਾ ਦੇ ਦਰਬਾਰ ’ਚ ਆਦਰ-ਸਤਿਕਾਰ ਤੇ ਮਾਣ-ਸਨਮਾਨ ਪ੍ਰਾਪਤ ਹੁੰਦਾ ਹੈ। ਇਸ ਲਈ ਗੁਰੂ ਜੀ ਕਹਿੰਦੇ ਹਨ ਕਿ ਹੰਕਾਰ ਮਨੁੱਖ ਨੂੰ ਮਨੁੱਖ ਨਹੀਂ ਰਹਿਣ ਦਿੰਦਾ। ਇਸ ਦਾ ਤਿਆਗ ਕਰੋ ਤੇ ਨਿਮਨ ਰਹਿ ਕੇ ਸੇਵਾ ਭਾਵਨਾ ਨਾਲ ਆਪਣਾ ਜੀਵਨ ਬਸਰ ਕਰੋ।

ਗੁਰੂ ਨਾਨਕ ਦੇਵ ਜੀ ਦੇ ਮੁੱਖ ਤਿੰਨ ਉਪਦੇਸ਼:- ਇਹ ਗੁਰੂ ਸਾਹਿਬ ਦੇ ਤਿੰਨੋਂ ਮੁੱਖ ਉਪਦੇਸ਼ ਹਨ।

(ੳ) ਕਿਰਤ ਕਰੋ- ਹਮੇਸ਼ਾ ਸੱਚੀ-ਸੁੱਚੀ ਤੇ ਇਮਾਨਦਾਰੀ ਦੀ ਕਿਰਤ ਕਰੋ। ਕਿਸ ਨਾਲ ਧੋਖਾ ਕਰਕੇ ਜਾਂ ਕਿਸੇ ਦਾ ਸ਼ੋਸ਼ਣ ਕਰਕੇ ਅਮੀਰ ਬਣਨ ਦੀ ਕੋਸ਼ਿਸ਼ ਨਾ ਕਰੋ। ਮਿਹਨਤ ਦੀ ਕਮਾਈ ’ਚ ਹੀ ਬਰਕਤ ਹੁੰਦੀ ਹੈ ਤੇ ਇਸ ਨਾਲ ਜ਼ਿੰਦਗੀ ’ਚ ਪੂਰਾ ਆਨੰਦ ਆਉਂਦਾ ਹੈ। ਮਾਇਆ ਨੂੰ ਆਪਣੀ ਸੱਚੀ-ਸੁੱਚੀ ਕਿਰਤ ਨਾਲ ਕਮਾਓ ਤੇ ਇਸ ਨੂੰ ਆਪਣੀ ਜੇਬ ’ਚ ਹੀ ਜਗ੍ਹਾ ਦਿਓ, ਨਾ ਕਿ ਦਿਲ ’ਚ।

(ਅ) ਵੰਡ ਛਕੋ: - ਹਮੇਸ਼ਾ ਵੰਡ ਕੇ ਛਕੋ, ਗਰੀਬਾਂ ਤੇ ਜ਼ਰੂਰਤਮੰਦਾਂ ਨੂੰ ਆਪਣੀ ਕਮਾਈ ਦਾ ਦਸਵੰਧ ਕੱਢ ਕੇ ਮਦਦ ਕਰੋ ਤੇ ਉਹਨਾਂ ਨੂੰ ਦਾਨ ਦੇ ਕੇ ਨੀਵਿਆਂ ਤੋ ਉੱਚੇ ਬਣਾਓ। ਇਸ ਨਾਲ ਸਮਾਜ ਦਾ ਕਲਿਆਣ ਹੁੰਦਾ ਹੈ ਤੇ ਦਾਨੀ ਸੱਜਣ ਨੂੰ ਮਾਨਸਿਕ ਸੰਤੁਸ਼ਟੀ ਵੀ ਪ੍ਰਾਪਤ ਹੁੰਦੀ ਹੈ।

(ੲ) ਨਾਮ ਜਪੋ:- ਪ੍ਰਮਾਤਮਾ ਦਾ ਹਮੇਸ਼ਾ ਨਾਮ ਜਪੋ। ਇਸ ਨਾਲ ਦੁੱਖਾਂ-ਕਲੇਸ਼ਾਂ ਤੋਂ ਛੁਟਕਾਰਾ ਮਿਲਦਾ ਹੈ ਤੇ ਇਸ ਨਾਲ ਤਨ ਤੇ ਮਨ ਸਾਫ ਰਹਿੰਦਾ ਹੈ। ਪ੍ਰਮਾਤਮਾ ਦੀ ਭਗਤੀ ਕਰਨ ਵਾਲੇ ਨੂੰ ਕਿਸੇ ਚੀਜ਼ ਦਾ ਡਰ ਨਹੀਂ ਰਹਿੰਦਾ। ਸਾਨੂੰ ਸਦਾ ਖੁਸ਼ ਰਹਿਣਾ ਚਾਹੀਦਾ ਹੈ ਤੇ ਪ੍ਰਮਾਤਮਾ ਤੋਂ ਸਦਾ ਆਪਣੇ ਲਈ, ਖਿਮਾ ਮੰਗਣੀ ਚਾਹੀਦੀ ਹੈ।

ਪੰਜ ਬੁਰਾਈਆਂ ਤੋਂ ਹਮੇਸ਼ਾ ਬਚ ਕੇ ਰਹੋ:- ਗੁਰੂ ਸਾਹਿਬ ਨੇ ਮਨੁੱਖ ਨੂੰ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਤੋਂ ਬਚਣ ਦਾ ਉਪਦੇਸ਼ ਦਿੱਤਾ ਹੈ। ਇਹਨਾਂ ’ਤੇ ਨਿਯੰਤਰਣ ਰੱਖਣ ਨਾਲ ਇਨਸਾਨ ਬੁਰਾਈਆਂ ਦੀ ਦਲਦਲ ’ਚ ਨਹੀਂ ਫਸਦਾ। ਇਹਨਾਂ ਪ੍ਰਵਿਰਤੀਆਂ ’ਤੇ ਨਿਯੰਤਰਣ ਰੱਖਣ ਵਾਲਾ ਇਨਸਾਨ ਸੰਤੁਲਿਤ ਜੀਵਨ ਜਿਉਂਦਾ ਹੈ ਤੇ ਇਹਨਾਂ ਦੀ ਦਲਦਲ ਵਿਚ ਫਸਣ ਵਾਲਾ ਮਨੁੱਖ ਬੁਰਾਈਆਂ ਤੋਂ ਨਵਿਰਤੀ ਪ੍ਰਾਪਤ ਨਹੀਂ ਕਰ ਸਕਦਾ। ਭੋਜਨ ਪ੍ਰਾਣੀ ਮਾਤਰ ਲਈ, ਉਸ ਨੂੰ ਜਿੰਦਾ ਰੱਖਣ ਵਾਸਤੇ ਹੈ ਪਰ ਲੋਭ-ਲਾਲਚ ’ਚ ਆ ਕੇ ਇਸ ਨੂੰ ਸੰਗ੍ਰਹਿ ਕਰਨਾ ਬੁਰੀ ਆਦਤ ਹੈ।

ਗੁਰੂ ਦੀ ਮਹੱਤਤਾ:- ਗੁਰੂ ਨਾਨਕ ਦੇਵ ਜੀ ਨੇ ਆਪਣੇ ਉਪਾਸ਼ਕਾਂ ਨੂੰ ਗੁਰੂ ਦੀ ਮਹੱਤਤਾ ’ਤੇ ਬਹੁਤ ਜ਼ੋਰ ਦਿੱਤਾ ਹੈ। ਗੁਰੂ ਦੀ ਮਨੁੱਖੀ ਜੀਵਨ ’ਚ ਬੜੀ ਮਹੱਤਤਾ ਹੈ। ਗੁਰੂ ਤੋਂ ਬਿਨਾਂ ਗਤੀ ਜਾਂ ਮੁਕਤੀ ਨਹੀਂ ਹੋ ਸਕਦੀ। ਜ਼ਿੰਦਗੀ ’ਚ ਗੁਰੂ ਹੀ ਮਾਨਵ ਨੂੰ ਵਧੀਆ ਜੀਵਨ ਜਾਂਚ ਦੱਸਦਾ ਹੇ ਤੇ ਉਸ ਨੂੰ ਸਿੱਧੇ ਰਸਤੇ ’ਤੇ ਪਾਉਂਦਾ ਹੈ। ਇਨਸਾਨ ਨੂੰ ਮੁਕਤੀ, ਤੀਰਥ ਯਾਤਰਾ ਕਰਨ ਨਾਲ ਜਾਂ ਪਾਠ ਪੂਜਾ ਕਰਨ ਨਾਲ ਨਹੀਂ ਮਿਲਦੀ ਸਗੋਂ ਗੁਰੂ ਦੁਆਰਾ ਜ਼ਿੰਦਗੀ ਜਿਊਣ ਲਈ ਦੱਸੇ ਵਧੀਆ ਸਿਧਾਂਤਾਂ ਨੂੰ ਜੀਵਨ ’ਚ ਅਪਣਾ ਕੇ ਤੇ ਅਮਲੀ ਰੂਪ ਦੇਣ ਨਾਲ ਮਿਲਦੀ ਹੈ। ਇਸ ਲਈ ਮਨੁੱਖ ਨੂੰ ਆਪਣਾ ਤਨ, ਮਨ ਤੇ ਆਤਮਾ ਨੂੰ ਸਾਫ ਰੱਖਣਾ ਚਾਹੀਦਾ ਹੈ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਮਾਨਵ ਆਪਣੇ ਗੁਰੂ ਦੁਆਰਾ ਦਿੱਤੀ ਗਈ ਸਿੱਖਿਆ ’ਤੇ ਅਮਲ ਕਰੇਗਾ। ਗੁਰੂ ਹੀ ਮਾਨਵ ਨੂੰ ਗਿਆਨਵਾਨ ਕਰ ਸਕਦਾ ਹੈ ਤੇ ਗਿਆਨ ਹੀ ਬੰਦ ਦੀਆਂ ਮੁਸੀਬਤਾਂ ’ਚੋਂ ਨਿਕਲਣ ਲਈ ਮੁਕਤੀ ਦਾ ਰਾਹ ਦੱਸਦਾ ਹੈ। ਇਸ ਲਈ ਮਨੁੱਖ ਜਿੰਨਾ ਵੀ ਗਿਆਨਵਾਨ ਹੋਵੇਗਾ ਉਤਨੇ ਹੀ ਦੁੱਖ ਤੇ ਤਕਲੀਫ਼ਾਂ, ਉਸ ਤੋਂ ਦੂਰ ਰਹਿਣਗੇ। ਗੁਰੂ ਨਾਨਕ ਦੇਵ ਜੀ ਗੁਰੂ ਜੀ ਆਵਾਜ਼ ਨੂੰ, ਪ੍ਰਮਾਤਮਾ ਦੀ ਆਵਾਜ਼ ਕਹਿੰਦੇ ਹਨ, ਕਿਉਂਕਿ ਉਹ ਹੀ ਉਸ ਨੂੰ ਮੁਕਤੀ ਦਾ ਰਾਹ ਦੱਸਦਾ ਹੈ। ਸਿੱਖ ਧਰਮ ’ਚ ਗੁਰੂ ਨਾਨਕ ਦੇਵ ਜੀ ਤੋਂ ਵੱਡਾ ਕੋਈ ਗੁਰੂ ਨਹੀਂ ਹੈ। ਇਸੇ ਲਈ ਗੁਰਬਾਣੀ ’ਚ ਫੁਰਮਾਨ ਆਉਂਦਾ ਹੈ ਕਿ, ’’ਸਭ ਤੇ ਵੱਡਾ ਸਤਿਗੁਰ ਨਾਨਕ, ਜਿਨੁ ਕਲ ਰਾਖੀ ਮੋਰੀ।’

ਕਿਸੇ ਨਾਲ ਭੇਦ-ਭਾਵ ਨਾ ਕਰੋ:- ਗੁਰੂ ਨਾਨਕ ਦੇਵ ਜੀ ਆਪਣੇ ਸਿੱਖਾਂ ਨੂੰ ਉਪਦੇਸ਼ ਦਿੰਦੇ ਹਨ ਕਿ ਸਾਨੂੰ ਕਿਸੇ ਵੀ ਮਾਨਵ ਨਾਲ ਜਾਤ-ਪਾਤ, ਰੰਗ, ਨਸਲ ਤੇ ਬੋਲੀ ਆਦਿ ਦੇ ਆਧਾਰ ’ਤੇ ਭੇਦ-ਭਾਵ ਨਹੀਂ ਕਰਨਾ ਚਾਹੀਦਾ। ਸਭ ਮਾਨਵ ਉਸ ਪ੍ਰਮ-ਾਤਮਾ ਦੇ ਜੀਵ ਹਨ ਤੇ ਮਨੁੱਖ ਦੀ ਜਾਤ, ਮਨੁੱਖਤਾ ਹੀ ਹੈ। ਇਹ ਸਾਰੇ ਭੇਦ-ਭਾਵ, ਊਚ-ਨੀਚ ਆਦਿ ਸਭ ਅਮੀਰਾਂ ਦੀ ਉਪਜ ਹਨ ਜੋ ਉਨ੍ਹਾਂ ਨੇ ਮਨੁੱਖ ਦਾ ਮਨੁੱਖ ਹੱਥੋਂ ਸ਼ੋਸ਼ਣ ਕਰਨ ਲਈ ਬਣਾਏ ਹੋਏ ਹਨ। ਇਸ ਲਈ ਜਾਤ-ਪਾਤ ਤੇ ਊਚ-ਨੀਚ ਦੇ ਵਿਤਕਰੇ ਨੂੰ ਦੂਰ ਕਰਨ ਲਈ, ਗੁਰੂ ਜੀ ਨ ਸੰਗਤ, ਪੰਗਤ ਤੇ ਲੰਗਰ ਦੀ ਰੀਤ ਚਲਾਈ ਤਾਂ ਜੋ ਮਾਨਵਤਾ ’ਚ ‘ਸਮਾਜਿਕ ਬਰਾਬਰੀ’ ਆ ਸਕੇ। ਗੁਰੂ ਸਾਹਿਬ ਨੇ ਜਾਤ ਪਾਤ ਤੇ ਊਚ-ਨੀਚ ਦੇ ਭੇਦ-ਭਾਵ ਨੂੰ ਮੁੱਢੋਂ ਨਕਾਰ ਦਿੱਤਾ ਤੇ ਇਸ ਦਾ ਰੱਜ ਕੇ ਵਿਰੋਧ ਕੀਤਾ।

ਭਰਮਾਂ ਵਹਿਮਾਂ ਤੇ ਕਰਮ ਕਾਂਡਾਂ ਦਾ ਵਿਰੋਧ- ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖਾਂ ਨੂੰ ਭਰਮਾਂ-ਵਹਿਮਾਂ ’ਚ ਨਾ ਫਸਣ ਤੇ ਝੂਠੇ ਕਰਮ ਕਾਂਡ ਜਾਂ ਸੰਸਕਾਰ ਨਾ ਅਪਣਾਉਣ ਦੀ ਸਿੱਖਿਆ ਦਿੱਤੀ। ਤਰ੍ਹਾਂ-ਤਰ੍ਹਾਂ ਦੀ ਮੂਰਤੀ ਪੂਜਾ ਦਾ ਵੀ ਉਨ੍ਹਾਂ ਨੇ ਵਿਰੋਧ ਕੀਤਾ ਤੇ ਮਾਨਵ ਨੂੰ ਸੰਦੇਸ਼ ਦਿੱਤਾ ਕਿ ਪ੍ਰਮਾਤਮਾ ਇਕ ਹੈ ਜੋ ਸਾਰੀ ਸ੍ਰਿਸ਼ਟੀ ਦਾ ਮਾਲਕ ਤੇ ਕਰਤਾ ਹੈ। ਇਸ ਲਈ ਸਾਨੂੰ ਇਕੋ ਪ੍ਰਮਾਤਮਾ ’ਚ ਵਿਸ਼ਵਾਸ ਰੱਖਣਾ ਚਾਹੀਦਾ ਹੈ। ਜਿਸ ਦਾ ਕੋਈ ਆਕਾਰ ਜਾਂ ਸ਼ਕਲ ਨਹੀਂ ਹੈ। ਉਹ ਜੂਨਾਂ ’ਚ ਵੀ ਨਹੀਂ ਪੈਂਦਾ, ਉਸ ਦਾ ਨਾਮ ਵੀ ਸੱਚਾ ਹੈ, ਉਸ ਦਾ ਕਿਸੇ ਨਾਲ ਵੈਰ ਨਹੀਂ ਹੈ, ਉਹ ਕਿਸੇ ਤੋਂ ਡਰਦਾ ਵੀ ਨਹੀਂ ਹੈ ਤੇ ਨਾ ਕਿਸੇ ਨੂੰ ਡਰਾਉਂਦਾ ਹੈ। ਉਹ ਪ੍ਰਮਾਤਮਾ ਦੀ ਸੱਚੀ-ਸੁੱਚੀ ਮੂਰਤ ਆਪ ਹੀ ਹੈ। ਇਸ ਨੂੰ ਗੁਰੂ ਦੀ ਕਿਰਪਾ ਨਾਲ ਪਾਇਆ ਜਾ ਸਕਦਾ ਹੈ। ਉਹ ਅੱਜ ਵੀ ਸੱਚਾ ਹੈ ਤੇ ਹਮੇਸ਼ਾ ਸੱਚਾ ਰਹੇਗਾ।

ਇਸਤਰੀ ਦਾ ਸਤਿਕਾਰ ਕਰੋ: “ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨ।’’ ਉਸ ਔਰਤ ਦਾ ਸਤਿਕਾਰ ਕਰੋ ਜਿਸ ਤੋਂ ਜੀਵ ਦੀ ਉਤਪੱਤੀ ਹੁੰਦੀ ਹੈ ਤੇ ਰਾਜੇ ਮਹਾਰਾਜੇ ਵੀ ਔਰਤ ਤੋਂ ਹੀ ਪੈਦਾ ਹੁੰਦੇ ਹਨ। ਇਸ ਲਈ ਸਾਨੂੰ ਇਸ ਨੂੰ ਮਾੜਾ ਨਹੀਂ ਕਹਿਣਾ ਚਾਹੀਦਾ।

ਆਪਣੇ ਮਨ ਨੂੰ ਜਿੱਤੋ: “ਮਨ ਜੀਤੈ ਜਗੁ ਜੀਤ।’’ ਹੇ, ਮਨੁੱਖ ਪਹਿਲੇ ਤੂੰ ਆਪਣੇ ਮਨ ਤੇ ਕਾਬੂ ਪਾ ਫਿਰ ਹੀ ਤੂੰ ਸਾਰੇ ਸੰਸਾਰ ਤ ਜਿੱਤ ਪ੍ਰਾਪਤ ਕਰ ਸਕਦਾ ਹੈ।

ਸਮੁੱਚੇ ਤੌਰ ਤੇ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਅੱਜ ਵੀ ਉਨੇ ਹੀ ਸਾਰਥਕ ਹਨ ਜਿੰਨੇ ਅੱਜ ਤੋਂ ਕੋਈ ਪੰਜ ਸੌ ਸਾਲ ਤੋਂ ਵੀ ਜ਼ਿਆਦਾ ਸਮਾਂ ਪਹਿਲਾਂ ਸਾਰਥਕ ਸਨ। ਇਹ ਪੂਰਨ ਜੀਵਨ ਜਿਊਣ ਲਈ, ਜੀਵਨ ਜਾਂਚ ਸਿਖਾਉਣ ਦੇ ਪੂਰਨ ਸਮਰੱਥ ਹਨ। ਇਹਨਾਂ ਉਕਤ ਸਭ ਉਪਦੇਸ਼ਾਂ ਨਾਲ ਗੁਰੂ ਸਾਹਿਬ ਨੇ ਮਾਨਵ ਨੂੰ ਗੁਰਮਤਿ ਦੇ ਸਿਧਾਂਤਾਂ ਨਾਲ, ਗਿਆਨ ਦੇ ਰਸਤੇ ’ਤੇ ਪਾਇਆ ਤਾਂ ਜੋ ਉਹ ਪ੍ਰਮਾਤਮਾ ਨੂੰ ਪਾਉਣ ਦੇ ਰਸਤੇ ’ਤੇ ਚੱਲ ਕੇ ਪ੍ਰਮਾਤਮਾ ਦੀ ਪ੍ਰਾਪਤੀ ਕਰ ਸਕਣ ਤੇ ਆਪਣੇ ਸਾਰਥਕ ਜੀਵਨ ’ਚ ਵੀ ਸਫਲਤਾ ਪ੍ਰਾਪਤ ਕਰ ਸਕਣ।

# ਪੰਜਾਬੀ ਕਲਚਰਲ ਸੈਂਟਰ ਤੇ ਪੰਜਾਬੀ ਰੇਡੀਓ ਯੂਐੱਸਏ ਵਲੋਂ ਬਾਲ ਕਵੀ ਦਰਬਾਰ ਸਜਾਇਆ

**ਫਰਿਜ਼ਨੋ (ਬਿਊਰੋ)–** ਪੰਜਾਬੀ ਕਲਚਰਲ ਸੈਂਟਰ ਯੂ.ਐੱਸ.ਏ.ਅਤੇ ਪੰਜਾਬੀ ਰੇਡੀਓ ਯੂ.ਐੱਸ.ਏ. ਵਲੋਂ ਗੁਰੂ ਨਾਨਕਦੇਵ ਜੀ ਦੇ 550ਵੇਂ ਗੁਰਪੁਰਬ ਨੂੰ ਸਮਰਪਿਤ ਬਾਲ ਕਵੀ ਦਰਬਾਰ ਵਿੱਚ ਵੱਖ ਵੱਖ ਉਮਰ ਦੇ ਬੱਚਿਆਂ ਨੇ ਕਵਿਤਾਵਾਂ ਦੇ ਗਾਇਣ ਰਾਹੀਂ ਪਹਿਲੇ ਪਾਤਸ਼ਾਹ ਪ੍ਰਤੀ ਅਪਣੀ ਸ਼ਰਧਾ ਅਤੇ ਆਸਥਾ ਬਾਖ਼ੂਬੀ ਪ੍ਰਗਟਾਈ। ਕਰਮਨ ਵਾਸੀ ਸਮਾਜ ਸੇਵੀ ਸ. ਸਰਬਜੀਤ ਸਿੰਘ ਸਰਾਂ ਦੇ ਸਹਿਯੋਗ ਨਾਲ ਕਰਵਾਏ ਬਾਲ ਕਵੀ ਦਰਬਾਰ ਵਿੱਚ ਲਗਭਗ 6 ਸਾਲ ਤੋਂ ਲੈ ਕੇ ਲੈ ਕੇ 16 ਸਾਲ ਤੱਕ ਦੇ ਸਕੂਲੀ ਬੱਚਿਆਂ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਫਲਸਫ਼ੇ ਸਬੰਧੀ ਕਵਿਤਾਵਾਂ ਪੇਸ਼ ਕਰਕੇ ਸਰੋਤਿਆਂ ਤੋਂ ਸ਼ਬਾਸ਼ ਲਈ। ਪੰਜਾਬੀ ਰੇਡੀਓ ਯੂ.ਐੱਸ.ਏ. ਦੇ ਸਟੂਡੀਓ 2125 ਐਨ ਬਾਰਟਨ ਐਵੇਨਿਊ ਫਰਿਜ਼ਨੋਂ (2125 N Barton Ave Fresno CA 93703) ਦੇ ਮੁੱਖ ਹਾਲ ਵਿੱਚ ਲੰਘੇ ਸ਼ਨਿਚਰਵਾਰ ਨੂੰ ਕਰਵਾਏ ਇਸ ਕਵੀ ਦਰਬਾਰ 'ਚ ਸ਼ਾਮਲ ਹੋਣ ਲਈ ਫਰਿਜ਼ਨੋਂ ਤੇ ਨੇੜ੍ਹਲੇ ਸ਼ਹਿਰਾਂ ਤੋਂ ਇਲਾਵਾ ਦੂਰ ਦੁਰਾਡੀਆਂ ਥਾਵਾਂ ਔਰਵਿਲ ਤੇ ਸੈਕਰਾਮੈਂਟੋ ਤੋਂ ਬੱਚੇ ਅਪਣੇ ਮਾਪਿਆਂ ਸਮੇਤ ਪਹੁੰਚੇ ਹੋਏ ਸਨ।

14 ਸਤੰਬਰ ਸ਼ਨਿਚਰਵਾਰ ਨੂੰ ਬਾਅਦ ਦੁਪਹਿਰ 3:00 ਵਜੇ ਤੋਂ 5:00 ਵਜੇ ਤੱਕ ਕਰਵਾਏ ਇਸ ਅਪਣੀ ਕਿਸਮ ਦੇ ਪਹਿਲੇ ਇਸ ਕਵੀ ਦਰਬਾਰ ਵਿੱਚ ਗੁਰਵਿੰਦਰਪਾਲ ਸਿੰਘ ਰਾਠੌੜ, ਕਰਨਪਾਲ ਸਿੰਘ ਪਰਮਾਰ, ਸਿਮਰਜੋਤ ਕੌਰ ਭੰਘਾਣੀਆਂ, ਗੁਰਮਨਦੀਪ ਸਿੰਘ ਲੋਪੋਂ, ਸ਼ੁਭਰੀਤ ਕੌਰ, ਅਸ਼ਲੀਨ ਕੌਰ, ਅਨਮੋਲ ਕੌਰ, ਮਸਕੀਨ ਕੌਰ, ਗੁਰਚਰਨ ਸਿੰਘ, ਪ੍ਰਭਜੋਤ ਕੌਰ ਅਤੇ ਜਗਜੋਤ ਸਿੰਘ ਮਨੇਸ ਨੇ ਵੱਖ ਵੱਖ



ਸ਼ਾਇਰਾਂ ਦੀਆਂ ਰਚਨਾਵਾਂ ਸਵੈ ਭਰੋਸੇ ਨਾਲ ਬਹੁਤ ਸੋਹਣੇ ਅੰਦਾਜ਼ ਵਿੱਚ ਸੁਣਾਈਆਂ। ਬਹੁਤੇ ਬੱਚਿਆਂ ਨੇ ਪੰਜਾਬੀ ਪਰ ਕੁਝ ਨੇ ਅੰਗਰੇਜੀ ਵਿੱਚ ਕਲਾਮ ਪੇਸ਼ ਕੀਤੇ। ਹਰਗੁਣ ਕੌਰ ਮਨੇਸ ਨੇ ਸ਼ਰਧਾ ਪੂਰਬਕ ਜਪੁਜੀ ਸਾਹਿਬ ਦੀਆਂ ਛੇ ਪੌੜੀਆਂ ਦੇ ਉਚਾਰਣ ਨਾਲ ਬਾਲ ਕਵੀ ਦਰਬਾਰ ਦੀ ਸਮਾਪਤੀ ਕੀਤੀ।

ਬਾਅਦ ਵਿੱਚ ਉੱਘੇ ਸ਼ਾਇਰ ਲਛਮਣ ਸਿੰਘ ਰਾਠੌੜ, ਸੈਕਰਾਮੈਂਟੋ ਤੋਂ ਆਏ ਦਲਜੀਤ ਸਿੰਘ ਲੋਪੋਂ ਨੇ ਬੜੇ ਮਿੱਠੇ ਲਹਿਜ਼ੇ ਵਿੱਚ ਕਵੀਸਰੀ ਪ੍ਰੰਪਰਾ ਰਚਨਾ ਪੇਸ਼ ਕੀਤੀ। ਜਾਣੀ ਪਛਾਣੀ ਗਾਇਕਾ ਜੋਤ ਰਣਜੀਤ ਕੌਰ ਨੇ ਅਖ਼ੀਰ ਵਿੱਚ ਬਾਬਾ ਨਾਨਕ ਬਾਰੇ ਬਾਬੂ ਫਿਰੋਜ਼ਦੀਨ ਸ਼ਰਫ਼ ਦੀ ਰਚਨਾ ਦੇ ਗਾਇਣ ਨਾਲ ਰੰਗ ਬੰਨ੍ਹਿਆਂ।

ਪੰਜਾਬੀ ਕਲਚਰਲ ਸੈਂਟਰ ਯੂ.ਐੱਸ.ਏ. ਦੇ ਕੋਆਰਡੀਨੇਟਰ ਦਲਜੀਤ ਸਿੰਘ ਸਰਾਂ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ ਪ੍ਰੋਗਰਾਮਾਂ ਦੀ ਲੜੀ ਦੇ ਰੂਪ ਵਿੱਚ ਕਰਵਾਏ ਜਾ ਰਹੇ ਇਸ ਕਵੀ ਦਰਬਾਰ ਦਾ ਮਕਸਦ ਸਾਡੀ ਨਵੀਂ ਪੀੜ੍ਹੀ ਨੂੰ ਸਿੱਖ ਸਿਧਾਂਤਾਂ ਅਤੇ ਗੁਰਬਾਣੀ ਨਾਲ ਲਗਾਤਾਰ ਜੋੜੀ ਰੱਖਣਾ ਹੈ।

ਉਨ੍ਹਾਂ ਨੇ ਇਸ ਪ੍ਰੋਗਰਾਮ ਨੂੰ ਸਪਾਂਸਰ ਕਰਨ ਬਦਲੇ ਸ. ਸਰਬਜੀਤ ਸਿੰਘ ਸਰਾਂ ਕਰਮਨ ਪਰਿਵਾਰ ਦਾ ਉਚੇਚਾ ਜ਼ਿਕਰ ਕਰਦਿਆਂ ਕਿ ਸਾਡੀ ਸੰਸਥਾ ਨੂੰ ਅਜਿਹੇ ਸਮਾਜ ਸੇਵੀ ਪਰਿਵਾਰ ਦੇ ਸਾਡੇ ਨਾਲ ਜੁੜੇ ਹੋਣ ਉੱਤੇ ਮਾਣ ਹੈ। ਉਨ੍ਹਾਂ ਨੇ ਪ੍ਰੋਗਰਾਮ ਵਿੱਚ ਪਹੁੰਚੇ ਸਭਨਾਂ ਸਰੋਤਿਆਂ, ਬੱਚਿਆਂ ਖ਼ਾਸ ਕਰ ਮਾਪਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

ਸ਼ਾਇਰ ਸੰਤੋਖ ਮਿਨਹਾਸ ਨੇ ਪੰਜਾਬੀ ਕਲਚਰਲ ਸੈਂਟਰ ਯੂ.ਐੱਸ.ਏ. ਕਰਵਾਏ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ। ਉੱਘੇ ਵਿਦਵਾਨ ਡਾ. ਗੁਰਮੇਲ ਸਿੱਧੂ ਨੇ ਪ੍ਰਧਾਨਗੀ ਭਾਸ਼ਨ ਵਿੱਚ ਬੱਚਿਆਂ ਨੂੰ ਵਧਾਈ ਦਿੰਦਿਆਂ ਗੁਰੂ ਸਾਹਿਬਾਨ ਦੇ ਫਲਸਫ਼ੇ, ਸਿੱਖ ਸਿਧਾਂਤਾਂ, ਪੰਜਾਬੀ ਵਿਰਸੇ ਸਮੇਤ ਅਪਣੀ ਜਨਮ ਭੂਮੀ ਨਾਲ ਜੁੜੇ ਰਹਿਣ ਲਈ ਪ੍ਰੇਰਿਆ।

ਅਖ਼ੀਰ ਵਿੱਚ ਸ. ਸਰਬਜੀਤ ਸਿੰਘ ਸਰਾਂ ਅਤੇ ਉਨ੍ਹਾਂ ਦੀ ਧਰਮ ਪਤਨੀ ਬੀਬੀ ਜਸਵਿੰਦਰ ਕੌਰ ਸਰਾਂ ਵਲੋਂ ਡਾ.ਗੁਰੂਮੇਲ ਸਿੱਧੂ, ਕਹਾਣੀਕਾਰ ਕਰਮ ਸਿੰਘ ਮਾਨ, ਸ਼ਾਇਰ ਸੰਤੋਖ ਸਿੰਘ ਮਿਨਹਾਸ, ਹਰਜੋਤ ਸਿੰਘ ਖਾਲਸਾ ਅਤੇ ਬੀਬੀ ਬਲਵਿੰਦਰ ਕੌਰ ਦੀ ਸਟੇਜ ਉੱਤੇ ਹਾਜ਼ਰੀ 'ਚ ਸਾਰੇ ਬੱਚਿਆਂ ਨੂੰ ਪਲੈਕ, ਪੰਜਾਬੀ ਰੇਡੀਓ ਦੀਆਂ ਟੀ ਸ਼ਰਟਾਂ, ਕੈਂਡੀਆਂ ਅਤੇ ਨਗਦ ਇਨਾਮ ਵੰਡੇ ਗਏ।

# ਸਾਊਦੀ ਤੇਲ ਰਿਫਾਇਨਰੀਆਂ 'ਤੇ ਹਮਲੇ ਦੇ ਜਵਾਬ ਲਈ ਅਮਰੀਕਾ ਤਿਆਰ: ਟਰੰਪ

**ਵਾਸ਼ਿੰਗਟਨ–** ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਚਿਤਾਵਨੀ ਦਿੱਤੀ ਹੈ ਕਿ ਉਨ੍ਹਾਂ ਦਾ ਪ੍ਰਸ਼ਾਸਨ ਸਾਊਦੀ ਅਰਬ ਦੀਆਂ ਦੋ ਤੇਲ ਰਿਫਾਇਨਰੀਆਂ 'ਤੇ ਹੋਏ ਡਰੋਨ ਹਮਲਿਆਂ ਦਾ ਜਵਾਬ ਦੇਣ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਉਹ ਰਿਆਧ ਦੇ ਫ਼ੈਸਲੇ ਦੀ ਉਡੀਕ ਕਰ ਰਹੇ ਹਨ।

ਉਧਰ ਅਮਰੀਕਾ ਨੇ ਹਮਲੇ ਦੀਆਂ ਸੈਟੇਲਾਈਟ ਤਸਵੀਰਾਂ ਜਾਰੀ ਕੀਤੀਆਂ ਹਨ। ਟਰੰਪ ਨੇ ਟਵਿੱਟਰ 'ਤੇ ਕਿਹਾ ਕਿ ਦੋਸ਼ੀ ਦਾ ਅਮਰੀਕਾ ਨੂੰ ਪਤਾ ਹੈ ਪਰ ਉਹ ਸਾਊਦੀ ਅਰਬ ਤੋਂ ਜਾਨਣਾ ਚਾਹੁੰਦੇ ਹਨ ਕਿ ਹਮਲੇ ਪਿੱਛੇ ਕੌਣ ਹੈ। ਰਾਸ਼ਟਰਪਤੀ ਨੇ ਇਸ ਸਪੱਸ਼ਟ ਨਹੀਂ ਕੀਤਾ ਕਿ ਅਮਰੀਕੀ ਖ਼ੁਫ਼ੀਆ ਏਜੰਸੀਆਂ ਹਮਲਿਆਂ ਲਈ ਕਿਸ ਨੂੰ ਜ਼ਿੰਮੇਵਾਰ ਠਹਿਰਾ ਰਹੀਆਂ ਹਨ। ਉਂਜ ਯਮਨ ਦੇ ਹੂਤੀ ਬਾਗ਼ੀਆਂ ਨੇ ਅਰਾਮਕੋ ਕੰਪਨੀ ਦੇ ਤੇਲ ਪਲਾਂਟਾਂ



'ਤੇ ਹਮਲਿਆਂ ਦੀ ਜ਼ਿੰਮੇਵਾਰੀ ਕਬੂਲੀ ਹੈ ਜਿਸ ਨੂੰ ਇਰਾਨ ਦਾ ਥਾਪੜਾ ਹਾਸਲ ਹੈ। ਸ਼ਨਿਚਰਵਾਰ ਨੂੰ ਅਮਰੀਕੀ ਵਿਦੇਸ਼ ਮੰਤਰੀ ਮਾਈਕ ਪੌਂਪੀਓ ਨੇ ਹਮਲੇ ਲਈ ਸਿੱਧੇ ਇਰਾਨ ਨੂੰ ਦੋਸ਼ੀ ਠਹਿਰਾਇਆ ਸੀ ਜਦਕਿ ਇਰਾਨ ਸਰਕਾਰ ਨੇ ਹਮਲੇ 'ਚ ਆਪਣੀ ਕਿਸੇ ਸ਼ਮੂਲੀਅਤ ਤੋਂ ਇਨਕਾਰ ਕੀਤਾ ਹੈ। ਉਂਜ ਸਾਊਦੀ ਅਰਬ ਵੱਲੋਂ ਹਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਅਮਰੀਕੀ ਅਧਿਕਾਰੀ ਨੇ ਕਿਹਾ ਕਿ ਹਮਲੇ ਯਮਨ 'ਚ ਹੂਤੀ ਦੇ ਕਬਜ਼ੇ ਵਾਲੇ ਇਲਾਕੇ 'ਚੋਂ ਨਹੀਂ ਸਗੋਂ ਪੱਛਮ–ਉੱਤਰ–ਪੱਛਮ ਦਿਸ਼ਾ ਵੱਲੋਂ ਹੋਏ। ਬੀਬੀਸੀ ਦੀ ਰਿਪੋਰਟ ਮੁਤਾਬਕ ਇਕ ਹੋਰ ਅਧਿਕਾਰੀ ਨੇ ਕਿਹਾ ਕਿ ਹਮਲੇ ਉੱਤਰੀ ਖਾੜੀ, ਇਰਾਨ ਜਾਂ ਇਰਾਕ ਤੋਂ ਹੋਏ ਜਾਪਦੇ ਹਨ। ਅਧਿਕਾਰੀਆਂ ਮੁਤਾਬਕ ਅਬਕੈਕ ਅਤੇ ਖੁਰਾਇਸ ਤੇਲ ਖੇਤਰਾਂ 'ਚ ਡਰੋਨ ਅਤੇ ਕਰੂਜ਼ ਮਿਜ਼ਾਈਲਾਂ ਨਾਲ ਹਮਲੇ ਕੀਤੇ ਗਏ।

# ਭੋਲਾ ਡਰੱਗ ਕੇਸ ਨਾਲ ਸਬੰਧਤ ਚਾਰ ਮੁਲਜ਼ਮਾਂ ਨੂੰ 10-10 ਸਾਲ ਕੈਦ

ਪਟਿਆਲਾ : ਭੋਲਾ ਡਰੱਗ ਕੇਸ ਨਾਲ ਸਬੰਧਤ ਚੇਨੱਈ ਗੈਂਗ ਦੇ ਚਾਰ ਮੁਲਜ਼ਮਾਂ ਆਰ. ਸਿਵਾ, ਵੈਂਕਟੇਸ਼ ਐੱਸ ਮਨੀ, ਸ਼ਾਨਮੁਗਮ ਤੇ ਐੱਮ ਪ੍ਰਭੂ ਨੂੰ ਪਟਿਆਲਾ ਐੱਨਡੀਪੀਐੱਸ ਕੋਰਟ ਦੇ ਸਪੈਸ਼ਲ ਜੱਜ ਪੰਚਕੂਲਾ ਸੰਜੇ ਸੰਧੀਰ ਦੀ ਅਦਾਲਤ ਵੱਲੋਂ ਹਰੇਕ ਨੂੰ 10–10 ਸਾਲ ਕੈਦ ਤੇ 1–1 ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਹੈ। ਇਸੇ ਕੇਸ 'ਚ ਪੰਜਵੀਂ ਦੋਸ਼ੀ ਬਰਮਾ ਦੇਸ਼ ਦੀ ਔਰਤ ਚੈਰੀ ਨੂੰ 8 ਸਾਲ ਕੈਦ ਤੇ 1 ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਇਹ ਕੇਸ 2016 'ਚ ਸੁਪਰੀਮ ਕੋਰਟ ਦੇ ਹੁਕਮਾਂ 'ਤੇ ਪਟਿਆਲ਼ਾ ਧਫੰ ਕੋਰਟ ਤੋਂ ਪੰਚਕੂਲਾ ਤਬਦੀਲ ਕੀਤਾ ਗਿਆ ਸੀ। ਜ਼ਿਕਰਯੋਗ ਹੈ ਕਿ 2014 'ਚ ਪੁਲਿਸ ਥਾਣਾ ਤ੍ਰਿਪੜੀ 'ਚ ਇੰਸਪੈਕਟਰ ਸ਼ਮਿੰਦਰ ਸਿੰਘ ਮਾਮਲਾ ਦਰਜ ਕੀਤਾ ਸੀ।



# ਸਿੱਖ ਕਤਲੇਆਮ: ਕਮਲ ਨਾਥ ਖ਼ਿਲਾਫ਼ ਕੇਸ ਵਧੇਰੇ ਮਜ਼ਬੂਤ: ਫੂਲਕਾ

**ਨਵੀਂ ਦਿੱਲੀ–** ਸੀਨੀਅਰ ਕਾਂਗਰਸੀ ਆਗੂ ਕਮਲਨਾਥ ਨੂੰ ਡਰਾਉਣ ਲਈ ਪੁਰਾਣੇ ਭੂਤ ਪਰਤ ਆਏ ਹਨ। 1984 ਸਿੱਖ ਵਿਰੋਧੀ ਦੰਗਾ ਪੀੜਤਾਂ ਦੇ ਇਨਸਾਫ ਦੀ ਲੜਾਈ ਲੜ ਰਹੇ ਕਾਨੂੰਨੀ ਮਾਹਿਰਾਂ ਨੇ ਅੱਜ ਕਿਹਾ ਕਿ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਖ਼ਿਲਾਫ਼ ਕੇਸ 'ਬਹੁਤ ਮਜ਼ਬੂਤ ਹੈ। ਸਿੱਖ ਵਿਰੋਧੀ ਦੰਗਿਆਂ ਦਾ ਕੇਸ ਲੜ ਰਹੇ ਵਕੀਲ ਐੱਚ ਐੱਸ ਫੂਲਕਾ ਨੇ ਦੱਸਿਆ "ਕਾਂਗਰਸੀ ਆਗੂ ਕਮਲਨਾਥ ਖ਼ਿਲਾਫ਼ ਕੇਸ ਸੱਜਣ ਕੁਮਾਰ ਨਾਲੋਂ ਮਜ਼ਬੂਤ ਹੈ। ਇਸ ਦਾ ਕਾਰਨ ਇਹ ਹੈ ਕਿ ਸੱਜਣ ਕੁਮਾਰ ਤੇ ਹੋਰਨਾਂ ਨੇ ਨਵੰਬਰ 1 ਅਤੇ 2 ਨੂੰ ਦਿੱਲੀ ਵਿੱਚ ਆਪਣੀ ਮੌਜੂਦਗੀ ਤੋਂ ਇਨਕਾਰ ਕੀਤਾ ਸੀ ਜਦੋਂ ਇਕੋ ਪਰਿਵਾਰ ਦੇ ਪੰਜ ਸਿੱਖਾਂ ਨੂੰ ਮਾਰ ਦਿੱਤਾ ਗਿਆ ਸੀ ਜਦੋਂ ਕਿ ਕਮਲਨਾਥ ਨੇ 1 ਨਵੰਬਰ, 1984 ਵਿੱਚ ਗੁਰਦੁਆਰਾ ਰਕਾਬਗੰਜ ਵਿੱਚ ਆਪਣੀ ਮੌਜੂਦਗੀ ਮੰਨੀ ਹੈ। ਉਸ ਦਿਨ ਦੋ ਦਿੱਖਾਂ ਨੂੰ ਜ਼ਿੰਦਾ ਸਾੜ ਦਿੱਤਾ ਗਿਆ ਸੀ ਤੇ ਫਿਰਕੂ ਭੀੜ ਨੇ ਗੁਰਦੁਆਰੇ ਨੂੰ ਅੱਗ ਲਾ ਦਿੱਤੀ ਸੀ।'' ਸ੍ਰੀ ਫੂਲਕਾ ਨੇ ਇਸ ਪੱਤਰਕਾਰ ਨੂੰ ਦੱਸਿਆ ਕਿ ਇਸ ਮਾਮਲੇ ਦੇ ਦੋ ਚਸ਼ਮਦੀਦਾਂ ਨੇ ਕਮਲ ਨਾਥ ਖਿਲਾਫ਼ ਕੇਂਦਰੀ ਵਿਸ਼ੇਸ਼ ਜਾਂਚ ਟੀਮ ਨੂੰ ਲਿੱਖ ਕੇ ਬਿਆਨ ਲੈਣ ਦੀ ਇੱਛਾ ਜਤਾਈ ਹੈ। ਚਸ਼ਮਦੀਦਾਂ ਵਿੱਚ ਸੰਜੇ ਸੂਰੀ ਸ਼ਾਮਲ ਹਨ ਜੋ ਸਿੱਖਾਂ ਦੇ ਕਤਲੇਆਮ ਦੌਰਾਨ 'ਇੰਡੀਅਨ ਐਕਸਪ੍ਰੈਸ' ਵਿੱਚ ਪੱਤਰਕਾਰ ਸਨ। ਦੋ ਸਿੱਖਾਂ ਨੂੰ ਜ਼ਿੰਦਾ ਸਾੜੇ ਜਾਣ ਦੇ ਮਾਮਲੇ ਵਿੱਚ ਕਮਲਨਾਥ ਮੁਲਜ਼ਮ ਹਨ। ਉਨ੍ਹਾਂ 'ਤੇ ਦੋਸ਼ ਹੈ ਕਿ ਉਨ੍ਹਾਂ ਨੇ ਭੀੜ ਨੂੰ ਭੜਕਾਇਆ ਸੀ। ਦੂਜੇ ਪਾਸੇ, ਕਮਲ ਨਾਥ ਦਾ ਕਹਿਣਾ ਹੈ ਕਿ ਉਹ ਉਸ ਦੌਰਾਨ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀਆਂ ਹਦਾਇਤਾਂ 'ਤੇ ਦੰਗਾਕਾਰੀਆਂ ਨੂੰ ਸ਼ਾਂਤ ਕਰਨ ਲਈ ਗੁਰਦੁਆਰੇ ਵਿੱਚ ਸੀ। ਕਾਬਿਲੇਗੌਰ ਹੈ ਕਿ ਨਾਨਾਵਤੀ ਕਮਿਸ਼ਨ ਜਿਸ ਨੇ 1984 ਕਤਲੇਆਮ ਦੇ ਤਿੰਨ ਮਾਮਲਿਆਂ ਦੀ ਮੁੜ ਜਾਂਚ ਦੇ ਹੁਕਮ ਦਿੱਤੇ ਹਨ ਨੇ ਗੁਰਦੁਆਰਾ ਰਕਾਬਗੰਜ ਮਾਮਲੇ ਵਿੱਚ ਕਮਲ ਨਾਥ ਨੂੰ ਸ਼ੱਕ ਦੇ ਅਧਾਰ 'ਤੇ ਬਰੀ ਕਰ ਦਿੱਤਾ ਸੀ। ਸ੍ਰੀ ਫੂਲਕਾ ਨੇ ਅੱਜ ਕਿਹਾ, "ਨਾਨਾਵਤੀ ਕਮਿਸ਼ਨ ਨੇ ਕੇਸ ਮਜ਼ਬੂਤ ਹੋਣ ਦੇ ਬਾਵਜੂਦ ਸ਼ੱਕ ਦੇ ਅਧਾਰ 'ਤੇ ਕਮਲ ਨਾਥ ਨੂੰ ਬਰੀ ਕੀਤਾ ਸੀ। ਪੁਲਿਸ ਰਿਕਾਰਡ ਵਿੱਚ ਦਰਜ ਹੈ ਕਿ ਘਟਨਾ ਵੇਲੇ ਕਮਲਨਾਥ ਗੁਰਦੁਆਰੇ ਵਿੱਚ ਮੌਜੂਦ ਸੀ।'' ਵਕੀਲ ਕਾਮਨਾ ਵੋਹਰਾ ਨੇ ਕਿਹਾ ਕਿ ਕਮਲ ਨਾਥ ਖਿਲਾਫ਼ ਕੇਸ ਮਜ਼ਬੂਤ ਹੈ ਕਿਉਂਕਿ ਗਵਾਹ ਆਪਣੇ ਬਿਆਨ ਦਰਜ ਕਰਾਉਣਾ ਚਾਹੁੰਦੇ ਹਨ, ਜਿਸ ਲਈ ਉਨ੍ਹਾਂ ਹਲਫਨਾਮੇ ਦਿੱਤੇ ਹਨ।



# ਨਿੱਕਾ ਜ਼ੈਲਦਾਰ ਦੀ ਰੋਹਬਦਾਰ ਤੇ ਅੜਬ ਦਾਦੀ ਨਿਰਮਲ ਰਿਸ਼ੀ

'ਲੌਂਗ ਦਾ ਲਿਸ਼ਕਾਰਾ' ਫ਼ਿਲਮ ਦੀ 'ਗੁਲਾਬੋ ਮਾਸੀ' ਨੇ ਸਾਰਿਆਂ ਦਾ ਧਿਆਨ ਖਿੱਚਿਆ ਸੀ । ਨਾਟਕਕਾਰ ਹਰਪਾਲ ਟਿਵਾਣਾ ਦਾ ਇਹ ਇੱਕ ਫਿਲਮੀ ਤਜਰਬਾ ਹੀ ਸੀ ਜਿਸ ਵਿੱਚ ਸਰਦਾਰ ਸੋਹੀ, ਗੁਰਦਾਸ ਮਾਨ,ਓਮ ਪੁਰੀ ਵਰਗੇ ਅਦਾਕਾਰਾਂ ਨੇ ਪਹਿਲੀ ਵਾਰ ਕੈਮਰੇ ਦਾ ਸਾਹਮਣਾ ਕੀਤਾ ਸੀ। ਇਹਨਾਂ 'ਚੋਂ ਗੁਲਾਬੋ ਮਾਸੀ ਦਾ ਕਿਰਦਾਰ ਨਿਭਾਉਣ ਵਾਲੀ ਨਿਰਮਲ ਰਿਸ਼ੀ ਵੀ ਇੱਕ ਸੀ। ਜਿੰਦਗੀ ਦੇ ਪੰਜਾਹ ਸਾਲ ਕਲਾ ਦੇ ਲੇਖੇ ਲਾਉਣ ਵਾਲੀ ਨਿਰਮਲ ਰਿਸ਼ੀ ਅੱਜ ਵੀ ਪੰਜਾਬੀ ਸਿਨਮੇ ਲਈ ਸਰਗਰਮ ਹੈ। ਅੰਗਰੇਜ਼ ਫਿਲਮ ਨਾਲ ਪੰਜਾਬੀ ਪਰਦੇ 'ਤੇ ਮੜ ਚਰਚਾ ਵਿੱਚ ਆਈ ਨਿਰਮਲ ਰਿਸ਼ੀ ਨੇ ਅੱਜ ਦੇ ਸਿਨਮੇ ਦੀ ਇੱਕ ਜਾਣੀ ਪਛਾਣੀ ਅਦਾਕਾਰਾ ਹੈ। ਨਿੱਕਾ ਜ਼ੈਲਦਾਰ ਦੀਆਂ ਫਿਲਮਾਂ ਨੇ ਉਸਨੂੰ ਇੱਕ ਰੋਹਬਦਾਰ ਦਾਦੀ ਦੇ ਕਿਰਦਾਰ ਵਜੋਂ ਦਰਸ਼ਕਾਂ ਦੇ ਦਿਲਾਂ ਵਿੱਚ ਥਾਂ ਦਿੱਤੀ ਹੈ।

ਨਿਰਮਨ ਰਿਸ਼ੀ ਮਾਨਸਾ ਜਿਲ੍ਹਾ ਦੇ ਪਿੰਡ ਸਮਾਓ ਦੀ ਜੰਮਪਲ ਹੈ ਜਿਸਦਾ ਬਚਪਨ ਤੇ ਜਵਾਨੀ ਦਾ ਬਹੁਤਾ ਸਮਾਂ ਰਾਜਸਥਾਨ 'ਚ ਆਪਣੇ ਭੂਆ ਦੇ ਘਰ ਬੀਤਿਆ। ਸਕੂਨ ਪੜ੍ਹਦਿਆਂ ਹੀ ਉਹ ਰੰਗਮੰਚ ਦੇ ਨਾਲ ਜੁੜ ਗਈ ਸੀ। ਰੰਗਕਰਮੀ ਹਰਪਾਲ ਟਿਵਾਣਾ ਨੇ ਉਸਦੀ ਕਲਾ ਨੂੰ ਤਰਾਸ਼ਿਆ ਤੇ ਅੱਜ ਪੰਜਾਬੀ ਪਰਦੇ 'ਤੇ ਪੰਜਾਬੀ ਰੰਗਮੰਚ ਦੇ ਕਲਾਕਾਰ ਦੀ ਕਦਰ ਪਈ ਹੈ।



ਨਿਰਮਲ ਰਿਸ਼ੀ ਨੇ ਜਿੰਦਗੀ ਦੇ ਹਰੇਕ ਕਿਰਦਾਰ ਨੂੰ ਪੰਜਾਬੀ ਰੰਗਮੰਚ ਅਤੇ ਸਿਨਮੇ ਦੇ ਪਰਦੇ 'ਤੇ ਬਾਖੂਬੀ ਨਿਭਾਇਆ ਹੈ। ਪਿੰਡਾਂ ਦੇ ਕਲਚਰ ਨੂੰ ਲਿਰਮਲ ਨੇ ਆਪਣੇ ਪਿੰਡੇ ਹੰਡਾਇਆ ਹੈ। ਜਿਸ ਕਰਕੇ ਉਸਦ ਕਿਰਦਾਰਾਂ ਅਸਲੀਅਤ ਦੇ ਬਹੁਤ ਨੇੜੇ ਹੁੰਦੇ ਹਨ। ਇੰਨੀਂ ਦਿਨੀਂ ਰਿਲੀਜ਼ ਹੋ ਰਹੀ 'ਪਟਿਆਲਾ ਮੋਸ਼ਨ' ਅਤੇ ਵਾਈਕੋਮ 18 ਸਟੂਡੀਓ ਦੀ ਫਿਲਮ 'ਨਿੱਕਾ ਜ਼ੈਲਦਾਰ 3' ਵਿੱਚ ਦਰਸ਼ਕ ਇੱਕ ਵਾਰ ਫਿਰ ਉਸਨੂੰ 'ਘੈਂਟ ਦਾਦੀ' ਦੇ ਕਿਰਦਾਰ ਵਿੱਚ ਵੇਖਣਗੇ। ਇਸ ਫਿਲਮ ਨੂੰ ਸਿਮਰਜੀਤ ਨੇ ਡਾਇਰੈਕਟ ਕੀਤਾ ਹੈ ਤੇ ਐਮੀ ਵਿਰਕ, ਵਾਮਿਕਾ ਗੱਬੀ, ਸਰਦਾਰ ਸੋਹੀ, ਨਿਰਮਲ ਰਿਸ਼ੀ, ਗੁਰਪ੍ਰੀਤ ਕੌਰ ਭੰਗੂ, ਹਰਦੀਪ ਗਿੱਲ ਵਰਗੇ ਨਾਮੀ ਕਲਾਕਾਰਾਂ ਨੇ ਆਪਣੀ ਦਮਦਾਰ ਅਦਾਕਾਰੀ ਨਾਲ ਸ਼ਿੰਗਾਰਿਆ ਹੈ। ਇਹ ਫਿਲਮ 20 ਸਤੰਬਰ ਨੂੰ ਪੰਜਾਬੀ ਸਿਨੇਮਿਆਂ ਦਾ ਸ਼ਿੰਗਾਰ ਬਣੇਗੀ।

**– ਹਰਜਿੰਦਰ ਸਿੰਘ ਜਵੰਦਾ**

## ਝਾਂਜਰ

ਨਿੱਤ ਝਾਂਜਰ ਝਾਂਜਰ ਕਰਦੀ ਸੀ, ਤੂੰ ਕਸਰ ਕੋਈ ਨਾ ਛੱਡੀ
ਚਾਰੇ ਪਾਸੇ ਹੋ ਗਈ ਚਰਚਾ ਹੁਣ ਲੱਗਦੀ ਨਾ ਤੇਰੀ ਅੱਡੀ
ਧੰਨਵਾਦ ਸੁਨਿਆਰੇ ਦਾ ਜੀਹਨੇ ਰੀਝ ਤਾਂ ਨਾਲ ਬਣਾਈ
ਤੇਰੀ ਤੋਰ ਬਦਲ ਗਈ ਮੱਖਣੇਂ, ਜਦ ਝਾਂਜਰ ਪਾ ਕੇ ਆਈ।

ਵਿਆਹ ਸ਼ਾਦੀ ਤੇ ਪਾ ਕੇ ਜਾਈਏ ਜਾਂ ਤੀਆਂ ਦੇ ਵਿਚ ਪਾਉਣੀ
ਲਾਲ ਗੁਲਾਬੀ ਸੂਟ ਪਾ ਕੇ ਨਾ ਧਰਤੀ ਨੂੰ ਅੱਗ ਲਾਉਣੀ
ਅੱਗ ਲੱਗੀ ਦਾ ਹੱਲ ਕੋਈ ਨਾ ਜਾਵੇ ਕਦੇ ਬੁਝਾਈ
ਤੇਰੀ ਤੋਰ ਬਦਲ ਗਈ ਬੱਲੀਏ ਜਦ ਝਾਂਜਰ ......

ਹੀਰ ਸਲੇਟੀ ਝਾਂਜਰ ਪਾਈ ਫਿਰ ਦੁੱਖ ਤਾਂ ਟੁੱਟ ਗਏ ਸਾਰੇ
ਤਾਹੀਉਂ ਕੰਨ ਪੜਵਾ ਲਏ ਰਾਂਝੇ ਨੇ ਗੱਲ ਪਹੁੰਚੀ ਤਖਤ ਹਜ਼ਾਰੇ
ਕਿਵੇਂ ਮਹੀਵਾਲ ਦੀ ਸੋਹਣੀ ਝਾਂਜਰ ਪਾ ਕੇ ਜਾਨ ਗੁਆਈ
ਤੇਰੀ ਤੋਰ ਬਦਲ ਗਈ ਬੱਲੀਏ ਜਦ ਝਾਂਜਰ ......

ਸਰਕਾਰ ਲਾਉਣ ਨੂੰ ਫਿਰਦੀ ਬੰਦਿਸ਼ ਝਾਂਜਰ ਨਾ ਕੋਈ ਪਾਵੇ
ਪਾਉਣ ਦਾ ਦੱਸੇ ਦੁੱਖ ਕੋਈ ਨਾ ਗਲੀ-ਗਲੀ ਛਥਕਾਵੇ
ਮੱਲੋ-ਮੱਲੀ ਛਣਕ ਪੈਂਦੀ ਤਾਹੀਉਂ ਘਰ ਘਰ ਪਈ ਲੜਾਈ
ਤੇਰੀ ਤੋਰ ਬਦਲ ਗਈ ਬੱਲੀਏ ਜਦ ਝਾਂਜਰ ......

ਮਿਰਗਾਂ ਵਰਗੀ ਤੋਰ ਬਣੀ ਹੁਣ ਹੋਰ ਤੂੰ ਦੱਸ ਕੀ ਲੈਣਾ
ਸੜਨ ਵਾਲੇ ਸੜਦੇ ਰਹਿਣਾ ਪਰ ਤੈਨੂੰ ਫਰਕ ਨਾ ਪੈਣਾ
ਵੇਖ 'ਦੇਵ ਘੋਲੀਏ' ਵਾਲੇ ਨੇ ਤੇਰੀ ਖਾਤਰ ਮਸਾਂ ਘੜਾਈ
ਤੇਰੀ ਤੋਰ ਬਦਲ ਗਈ ਜੱਟੀਏ ਜਦ ਝਾਂਜਰ ਪਾ ਕੇ ਆਈ।



**–ਦੇਵ ਘੋਲੀਆ ਖੁਰਦ**
**(ਫਰਿਜ਼ਨੋ)**
**559-232-7764**




# Buying or Selling any Business? Call Now 916-271-5404

## ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




**Indian Restaurant**
**For Sale In Stockton**
**All Equipment & Fixtures Included**
**Listing Price: $149,900**




**2 Bedroom, 2 Bathroom**
**Sqft: 1280*, Lot Size: 3920***
**Listing Price: $295,000**
**Sacramento, CA**




**Smoke Shop for Sale in Sacramento**
**Monthly Gross Sales: $50K**
**Listing Price: $89,000**




**Gas Station, Liquor Store,**
**Deli, & Laundromat!**
**In Contra Costa County, CA**
**Listing Price: $1,200,000**




**Auto Repair & Lube Shop**
**Lot Size: 2000, Rent is ONLY**
**$1500/mo.**
**Listing Price to $139,000**
**Sacramento, CA**




**Liquor Store for Sale in Santa Clara**
**Monthly Gross Sale: $90K**
**Listing Price: $649,000 plus Inventory**




**3 Bedroom, 3 Bathroom**
**Sqft: 1567*, Lot Size: 2448***
**Listing Price: $325,000**
**Sacramento, CA**




**5 Bedroom, 4 Bathroom**
**Sqft: 3006, Lot Size: 8276***
**Listing Price: $599,000**
**Sacramento, CA**




**Subway**
**for Sale in Sacramento**
**Listing Price: $224,900**




**Indian Restaurant**
**for Sale in Sacramento**
**Listing Price: $149,000**




**Liquor Store for Sale in Sacramento**
**Monthly Gross Sale: 80K**
**Down Payment: 350K (Seller will carry Rest)**
**Listing Price: $499,000 plus Inventory**




**Coffee Shop for Sale**
**Monthly Gross Sales: $25,000**
**Listing Price: $150,000**




**4 Bedroom, 3 Bathroom**
**Sqft: 2476*, Lot Size: 6617***
**Listing Price: $549,900 Elk Grove, CA**




**5 Bedroom, 4 Bathroom**
**Sqft: 2725*, Lot Size: 5249***
**Listing Price: $489,000 Elk Grove, CA**




**3 Bedroom, 2 Bathroom**
**Sqft: 1675*, Lot Size: 4792***
**Listing Price: $398,000 Sacramento, CA**




BERKSHIRE HATHAWAY
Home Services
Elite Real Estate

# OFFICE: 7412 ELSIE AVE., SACRAMENTO, CA 95828

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

Used Tires American Brand $99 + Labor

Recap Truck Tire $ 249 + Labor

Recap Trailer Tires and Kind $ 199 + Labor

**NEW & USED TIRES**

**WASH, LUBE, BRAKES**

Call: 530-824-5134

LUCAS OIL LUCAS INJECTOR CLEANER $28.99

Call: 650-642-0697

**3525 Highway 99, West Corning, CA 96021**

Across the Street from TA Truck Stop



# KB USED AUTO SALES



**8655 B Monterey Street Gilroy, CA 95020**

Kashmiri Bhatia, Dealer/Broker 408-848-2365

50% OFF WARRANTY with Qualifying Car Purchase

IN HOUSE FINANCING AVALIABLE

www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

## K&K AUTO REPAIR and Car Wash

63 Muckelemi St

San Juan Bautista 95045

Kashmiri Bhatia (Owner)

831-623-4702

20% OFF LABOUR on your next qualifying service

Car Care You Can Trust

# ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਯੂਨੀਅਨ ਸਿਟੀ ਦਾ 15ਵਾਂ ਵਿਸ਼ਵ ਕਬੱਡੀ ਕੱਪ ਵਿਲੱਖਣ ਇਤਿਹਾਸ ਸਿਰਜ ਗਿਆ















